## ਅਧਿਆਇ 10

# ਚਾਲ-ਚਲਣ ਅਤੇ ਅੰਤਹਕਰਨ

ਜਿਨ੍ਹਾਂ ਨੇ ਮੰਦਰ ਵਿੱਚ ਝੂਠੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਅੱਗੇ ਚੜ੍ਹਾਏ ਗਏ ਮਾਸ ਖਾਣ ਦਾ ਬਚਾਓ ਕੀਤਾ ਸੀ ਉਨ੍ਹਾਂ ਦਾ ਪੌਲੁਸ ਦੁਆਰਾ ਦੋ ਮੋਰਚਿਆਂ ਤੇ ਸਾਹਮਣਾ ਹੋਇਆ ਸੀ: (1) ਇਲਮ ਦੇ ਲਈ ਦਿੱਤੀਆਂ ਜਾਣ ਵਾਲੀਆਂ ਚਤੁਰ ਪਰਿਭਾਸ਼ਾਵਾਂ ਅਤੇ ਅਪੀਲਾਂ ਉਸ ਵਿੱਚ ਨਹੀਂ ਸੀ ਬਦਲੀਆਂ ਜੋ ਆਪਣੇ ਆਪ ਵਿੱਚ ਬਣੇ ਗਿਆਨਵਾਨ ਲੋਕ ਕਰ ਰਹੇ ਸਨ। ਕਿਸੇ ਵੀ ਉਚਿਤ ਵਿਆਖਿਆ ਦੁਆਰਾ, ਮੂਰਤੀ ਦੇ ਮੰਦਰ ਵਿੱਚ ਮੂਰਤੀ ਦੇ ਅੱਗੇ ਚੜ੍ਹਾਇਆ ਗਿਆ ਮਾਸ ਖਾਣ ਅਤੇ ਉਨ੍ਹਾਂ ਦੀਆਂ ਰਸਮਾਂ ਵਿੱਚ ਹਿੱਸਾ ਲੈਣਾ ਅਤੇ ਉਨ੍ਹਾਂ ਨਾਲ ਭੋਜਨ ਕਰਨਾ ਝੂਠੇ ਦੇਵਤੇ ਦੀ ਪੂਜਾ ਕਰਨਾ ਸੀ। ਅਜਿਹੀਆਂ ਗੱਲਾਂ ਮਸੀਹ ਦੀ ਆਗਿਆਕਾਰੀ ਦੇ ਲਈ ਅਢੁਕਵੀਆਂ ਸਨ। (2) ਭਾਵੇਂ ਕਿ ਮਾਨਸਿਕ ਆਸ਼ੰਕਾਵਾਂ ਗਿਆਨਵਾਨ ਨੂੰ ਮੂਰਤੀਪੂਜਾ ਤੋਂ ਦੂਰ ਰੱਖਦੀਆਂ ਸਨ, ਕਮਜ਼ੋਰ ਮਸੀਹੀ ਲੋਕ ਉਹ ਅੰਤਰ ਨਹੀਂ ਸੀ ਜਾਣਦੇ ਜੋ ਉਹ ਜਾਣਦੇ ਸਨ। ਜਾਂ ਤਾਂ ਕਮਜ਼ੋਰ ਵਿਅਕਤੀ ਮਸੀਹ ਨੂੰ ਛੱਡ ਦਿੰਦੇ ਸਨ ਕਿਉਂਕਿ ਉਹ ਉਸ ਕਪਟ ਨੂੰ ਸਹਿਣ ਨਹੀਂ ਸੀ ਕਰ ਸਕਦੇ ਜੋ ਉਹ ਮਸੀਹੀ ਲੋਕਾਂ ਵਿੱਚ ਵੇਖਦੇ ਸਨ, ਜਾਂ ਉਹ ਉਸ ਭੋਜਨ ਵਿੱਚ ਸਾਂਝੀ ਹੁੰਦੇ ਸਨ ਜਿਸ ਨੂੰ ਗਿਆਨਵਾਨ ਆਪਣਾ ਹੱਕ ਹੋਣ ਦਾ ਦਾਅਵਾ ਕਰਦੇ ਸਨ ਪਰ ਗਿਆਨਵਾਨ ਦੀਆਂ ਆਸ਼ੰਕਾਵਾਂ ਤੋਂ ਬਿਨਾਂ। ਜਿਹੜੇ ਗਿਆਨ ਹੋਣ ਦਾ ਦਾਅਵਾ ਕਰਦੇ ਸਨ ਸੰਭਵ ਤੌਰ ਤੇ ਉਨ੍ਹਾਂ ਕੋਲੋਂ ਪਾਪ ਕਰਵਾਉਣਗੇ ਜਿਹੜੇ ਨਿਹਚਾ ਵਿੱਚ ਕਮਜ਼ੋਰ ਸਨ।

ਜੇਕਰ ਉਹ ਸਹੀ ਵੀ ਸਨ, ਗਿਆਨਵਾਨ ਲੋਕਾਂ ਨੇ ਮੰਦਰ ਵਿੱਚ ਮੂਰਤੀ ਅੱਗੇ ਚੜ੍ਹਾਏ ਗਏ ਮਾਸ ਨੂੰ ਖਾਣਾ ਬੰਦ ਕਰਨਾ ਸੀ। ਹੱਕਾਂ ਤੇ ਜ਼ੋਰ ਦੇਣ ਨਾਲੋਂ ਕਮਜ਼ੋਰ ਭਰਾਵਾਂ ਦੀਆਂ ਰੂਹਾਂ ਜ਼ਿਆਦਾ ਮਹੱਤਵਪੂਰਣ ਸਨ। ਰਸੂਲ ਨੇ 9 ਅਧਿਆਇ ਵਿੱਚ ਖੁਦ ਨੂੰ ਇੱਕ ਉਦਾਹਰਣ ਦੇ ਰੂਪ ਵਿੱਚ ਵਰਤਿਆ ਸੀ। ਜਿਵੇਂ ਉਸ ਨੇ ਖੁਸ਼ਖ਼ਬਰੀ ਦੀ ਖ਼ਾਤਰ ਆਰਿਥਕ ਸਹਾਇਤਾ ਲੈਣ ਦੇ ਆਪਣੇ ਹੱਕਾਂ ਨੂੰ ਤਿਆਗਿਆ ਸੀ, ਗਿਆਨਵਾਨ ਮਸੀਹੀ ਲੋਕਾਂ ਨੂੰ ਵੀ ਮੂਰਤੀਆਂ ਦੀ ਪੂਜਾ ਵਿੱਚ ਹਿੱਸਾ ਲੈਣ ਦੇ ਆਪਣੇ ਕਥਿਤ ਹੱਕਾਂ ਨੂੰ ਤਿਆਗਣਾ ਚਾਹੀਦਾ ਹੈ। ਆਪਣੀ ਗੱਲ ਨੂੰ ਸਾਬਤ ਕਰਨ ਤੋਂ ਬਾਅਦ, ਪੌਲੁਸ ਆਪਣੇ ਪਹਿਲੇ ਜ਼ੋਰ ਵੱਲ ਪਰਤਿਆ, ਅਰਥਾਤ ਗਿਆਨਵਾਨ ਮਾਨਸਿਕ ਆਸ਼ੰਕਾਵਾਂ ਦੀ ਪਰਵਾਹ ਕੀਤੇ ਬਿਨਾਂ ਮੂਰਤੀਪੂਜਾ ਦੇ ਦੋਸ਼ੀ ਸਨ। ਅਧਿਆਇ 10 ਉਨ੍ਹਾਂ ਵਿਸ਼ਿਆਂ ਵੱਲ ਵਾਪਸ ਜਾਂਦਾ ਹੈ ਜੋ ਅਧਿਆਇ 8 ਵਿੱਚ ਪੇਸ਼ ਕੀਤੇ ਗਏ ਸਨ। ਉਨ੍ਹਾਂ ਤੇ ਇਸ ਦੇ ਕਨਾਰਾਤਮਕ ਪ੍ਰਭਾਵ ਤੋਂ ਇਲਾਵਾ ਜਿਹੜੇ ਨਿਹਚਾ ਵਿੱਚ ਕਮਜ਼ੋਰ ਸਨ, ਮਸੀਹੀ ਲੋਕਾਂ ਨੇ ਪਾਪ ਕੀਤਾ ਸੀ ਜਦੋਂ ਉਨ੍ਹਾਂ ਨੇ ਮੂਰਤੀ ਪੂਜਕਾਂ ਦੀਆਂ ਰਸਮਾਂ ਵਿੱਚ ਹਿੱਸਾ ਲਿਆ ਸੀ।

## “ਇਸਰਾਏਲ ਨੂੰ ਚੇਤੇ ਕਰੋ” (10:1-5)

**[1]ਹੇ ਭਰਾਵੋ, ਮੈਂ ਨਹੀਂ ਚਾਹੁੰਦਾ ਜੋ ਤੁਸੀਂ ਇਸ ਤੋਂ ਅਣਜਾਣ ਰਹੋ ਭਈ ਸਾਡੇ ਪਿਉ
ਦਾਦੇ ਬੱਦਲ ਦੇ ਹੇਠ ਸਨ ਅਤੇ ਓਹ ਸੱਭੇ ਸਮੁੰਦਰ ਦੇ ਵਿੱਚੋਂ ਦੀ ਲੰਘ ਗਏ। [2]ਅਤੇ
ਸਭਨਾਂ ਨੂੰ ਉਸ ਬੱਦਲ ਅਤੇ ਉਸ ਸਮੁੰਦਰ ਵਿੱਚ ਮੂਸਾ ਦਾ ਬਪਤਿਸਮਾ ਮਿਲਿਆ।
[3]ਸਭਨਾਂ ਨੇ ਇੱਕੋ ਆਤਮਕ ਭੋਜਨ ਖਾਧਾ। [4]ਅਤੇ ਸਭਨਾਂ ਨੇ ਇੱਕੋ ਆਤਮਕ ਜਲ ਪੀਤਾ
ਕਿਉਂ ਜੋ ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ
ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ। [5]ਪਰੰਤੂ ਪਰਮੇਸ਼ੁਰ ਓਹਨਾਂ ਵਿੱਚੋਂ
ਬਾਹਲਿਆਂ ਨਾਲ ਪਰਸੰਨ ਨਹੀਂ ਸੀ ਸੋ ਓਹ ਉਜਾੜ ਵਿੱਚ ਢਹਿ ਪਏ।**

**ਆਇਤਾਂ 1, 2.** ਯਹੂਦੀ ਲੋਕਾਂ ਦੀ ਜਿਹੜੇ ਰੋਮੀ ਸੰਸਾਰ ਦੇ ਵਪਾਰਕ ਕੇਂਦਰਾਂ ਵਿੱਚ ਫੈਲੇ ਹੋਏ ਸਨ ਉਹ ਕਿਸ ਹੱਦ ਤੱਕ ਗੈਰ-ਯਹੂਦੀ ਲੋਕਾਂ ਨਾਲ ਘੁੱਲਮਿਲ ਸਕਦੇ ਸਨ ਇਸ ਦੇ ਬਾਰੇ ਵੱਖ-ਵੱਖ ਰਾਇ ਸੀ। ਕਈਆਂ ਨੇ ਗੈਰ-ਯਹੂਦੀ ਸੱਭਿਆਚਾਰ ਵਿੱਚ ਸਫ਼ਲ ਵਪਾਰੀ ਅਤੇ ਨਿਪੁੰਨ ਦਸਤਕਾਰ ਬਚਨ ਦੁਆਰਾ ਦੂਜਿਆਂ ਨਾਲੋਂ ਜ਼ਿਆਦਾ ਹੱਦ ਤੱਕ ਆਪਣੇ ਸਥਾਨ ਬਣਾਏ ਸਨ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਇਨ੍ਹਾਂ ਯਹੂਦੀ ਵਪਾਰੀਆਂ ਅਤੇ ਦਸਤਕਾਰਾਂ ਨੇ ਆਪਣੇ ਵਿੱਚ ਉਨ੍ਹਾਂ ਰੀਤਾਂ ਨੂੰ ਅਪਨਾ ਲਿਆ ਜਿਨ੍ਹਾਂ ਨਾਲ ਉਨ੍ਹਾਂ ਦੇ ਵਪਾਰ ਦੇ ਟੀਚੇ ਵੱਧ ਗਏ। ਪੌਲੁਸ ਦੇ ਕੁਰਿੰਥੁਸ ਵਿੱਚ ਪਹੁੰਚਣ ਤੋਂ ਪਹਿਲਾਂ, ਯਹੂਦੀ ਲੋਕ ਕਈ ਸਾਲਾਂ ਤੋਂ ਵਪਾਰਕ ਸੰਘਾਂ ਦਾ ਹਿੱਸਾ ਬਣੇ ਹੋਏ ਸਨ ਜੋ ਯੂਨਾਨੀ ਮੰਦਿਰਾਂ ਵਿੱਚ ਮਿਲਿਆ ਸੀ। ਉਹ ਸਾਥੀ ਦਸਤਕਾਰਾਂ ਨਾਲ ਇਕੱਠੇ ਹੁੰਦੇ ਸਨ ਅਤੇ ਕਾਨੂੰਨਾਂ ਅਤੇ ਫਾਇਦੇਮੰਦ ਆਰਥਿਕ ਪਦਵੀਆਂ ਦੇ ਲਈ ਪਰਚਾਰ ਕਰਦੇ ਸਨ। ਉਹ ਗੈਰ-ਯਹੂਦੀ ਮੰਦਿਰਾਂ ਵਿੱਚ ਭੋਜਨ ਕਰਨ ਵਾਲਿਆਂ ਕਮਰਿਆਂ ਵਿੱਚ ਮਿਲਣ ਦੀ ਆਪਣੀ ਜ਼ਰੂਰਤ ਨੂੰ ਸਿੱਧ ਕਰਦੇ ਸਨ। ਸ਼ਾਇਦ ਪੌਲੁਸ ਨੇ ਖੁਸ਼ਖ਼ਬਰੀ ਨੂੰ ਗ੍ਰਹਿਣ ਕਰਨ ਦੇ ਲਈ ਦੂਜਿਆਂ ਲੋਕਾਂ ਨਾਲੋਂ ਇਨ੍ਹਾਂ ਵਪਾਰੀਆਂ ਨੂੰ ਜ਼ਿਆਦਾ ਖੁੱਲ੍ਹਦਿਲੇ ਪਾਇਆ ਸੀ; ਪਰ ਜਦੋਂ ਉਨ੍ਹਾਂ ਵਿੱਚੋਂ ਕੁਝ ਲੋਕ ਮਸੀਹੀ ਬਣ ਗਏ, ਉਨ੍ਹਾਂ ਨੇ ਇਨ੍ਹਾਂ ਜਨਤਕ ਭੋਜਨਾਂ ਵਿੱਚ ਹਿੱਸਾ ਲੈਣਾ ਜਾਰੀ ਰੱਖਿਆ ਸੀ।

ਯਹੂਦੀ ਮਸੀਹੀ ਲੋਕ ਜਿਹੜੇ ਮੂਰਤੀ ਦੇ ਮੰਦਰ ਵਿੱਚ ਖਾਣ ਦਾ ਦਾਅਵਾ ਕਰਦੇ ਸਨ ਸੰਭਵ ਤੌਰ ਤੇ ਉਨ੍ਹਾਂ ਦਾ ਕਲੀਸੀਆ ਦੇ ਅੰਦਰ ਦੋ ਕਾਰਣਾਂ ਕਰਕੇ ਆਦਰ ਕੀਤਾ ਜਾਂਦਾ ਸੀ। ਪਹਿਲਾ, ਯਹੂਦੀ ਹੋਣ ਦੇ ਨਾਤੇ, ਉਨ੍ਹਾਂ ਨੂੰ ਮੂਸਾ ਦੀ ਸ਼ਰਾ ਬਾਰੇ ਗੈਰ-ਕੌਮ ਦੇ ਮਸੀਹੀ ਲੋਕਾਂ ਨਾਲੋਂ ਜ਼ਿਆਦਾ ਗਿਆਨ ਸੀ। ਦੂਜਾ, ਸਫ਼ਲ ਵਪਾਰੀ ਹੋਣ ਦੇ ਨਾਤੇ, ਉਹ ਸੰਭਵ ਤੌਰ ਤੇ ਉਹ ਲੋਕ ਸਨ ਜਿਹੜਾ ਕਲੀਸੀਆ ਨੂੰ ਇੱਕ ਥਾਂ ਤੇ ਇਕੱਠਾ ਹੋ ਕੇ ਬੰਦਗੀ ਕਰਨ ਦੇ ਲਈ ਆਪਣੇ ਘਰਾਂ ਨੂੰ ਦਿੰਦੇ ਸਨ ਅਤੇ ਹੋਰ ਕਈ ਤਰੀਕਿਆਂ ਨਾਲ ਮੰਡਲੀਆਂ ਦੀਆਂ ਜਰੂਰਤਾਂ ਵਿੱਚ ਆਪਣਾ ਯੋਗਦਾਨ ਪਾਉਂਦੇ ਸਨ। ਜਦੋਂ ਪੌਲੁਸ ਨੇ ਲਿਖਿਆ, **ਸਾਡੇ ਪਿਉ ਦਾਦੇ ਬੱਦਲ ਦੇ ਹੇਠ ਸਨ ਅਤੇ ਓਹ ਸੱਭੇ ਸਮੁੰਦਰ ਦੇ ਵਿੱਚੋਂ ਦੀ ਲੰਘ ਗਏ**, ਉਹ ਆਪਣੇ ਆਪ ਨੂੰ ਉਨ੍ਹਾਂ ਇਨ੍ਹਾਂ ਗੈਰ-ਯਹੂਦੀ ਲੋਕਾਂ ਦੇ ਸਮਾਨ ਸਮਝ ਰਿਹਾ ਸੀ ਜਿਹੜੇ ਮਸੀਹੀ ਬਣ ਚੁੱਕੇ ਸਨ (ਵੇਖੋ ਰੋਮੀਆਂ 9:3)। ਬਹੁਵਚਨ ਪੜਨਾਂਵ “ਸਾਡੇ” ਵਿੱਚ ਸੰਭਵ ਤੌਰ ਤੇ ਕੁਰਿੰਥੁਸ ਵਿੱਚ ਪੌਲੁਸ ਅਤੇ ਯਹੂਦੀ ਮਸੀਹੀ ਲੋਕ ਵੀ ਸ਼ਾਮਲ ਸਨ। 9:9 ਵਿੱਚ ਪੌਲੁਸ ਨੇ ਸ਼ਰਾ ਵਿੱਚੋਂ ਜੋ ਉਦਾਹਰਣ ਦਿੱਤਾ ਸੀ ਉਹ ਗੈਰ-ਕੌਮਾਂ ਨਾਲੋਂ ਉਨ੍ਹਾਂ ਯਹੂਦੀ ਲੋਕਾਂ ਦੇ ਲਈ ਜਿਹੜੇ ਮਸੀਹ ਵਿੱਚ ਆਏ ਸਨ ਜ਼ਿਆਦਾ ਦਮਦਾਰ ਰਿਹਾ ਹੋਵੇਗਾ।

ਕਾਰਲ ਹੌਲਾਡੇਅ ਨੇ ਇਹ ਟਿੱਪਣੀ ਕੀਤੀ ਸੀ: "ਕੁਰਿੰਥੁਸ ਵਿੱਚ ਕੁਝ ਲੋਕਾਂ ਨੇ ਇਹ ਕਲਪਨਾ ਕੀਤੀ ਸੀ ਕਿ ਪਰਮੇਸ਼ੁਰ ਅੱਗੇ ਉਨ੍ਹਾਂ ਦਾ ਰੁਤਬਾ ਉਨ੍ਹਾਂ ਨੂੰ ਕੁਝ ਅਜਿਹੇ ਹੱਲਾਂ ਦੀ ਗਰੰਟੀ ਦਿੰਦਾ ਸੀ ਜਿਨ੍ਹਾਂ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ; ਉਨ੍ਹਾਂ ਨੇ ਇਹ ਵੀ ਕਲਪਨਾ ਕੀਤੀ ਸੀ ਕਿ ਇਸ ਰੁਤਬੇ ਵਿੱਚ ਉਹ ਸੁਰੱਖਿਅਤ ਸਨ।"[1] ਜਦ ਕਿ ਹੌਲਾਡੇਅ ਨੇ ਇਹ ਇਸ਼ਾਰਾ ਕੀਤਾ ਸੀ ਕਿ ਪ੍ਰਚੀਨ ਇਸਰਾਏਲ ਸੰਤੁਸ਼ਟੀ ਦੇ ਪ੍ਰਤੀ ਸੰਵੇਦਨਸ਼ੀਲ ਸੀ ਜਿਸ ਨੇ ਉਨ੍ਹਾਂ ਦੇ ਪਸੰਦੀਦਾ ਰੁਤਬੇ ਵਿੱਚ ਜੜ੍ਹ ਫੜੀ ਹੋਈ ਸੀ, ਉਹ ਇਹ ਸਪੱਸ਼ਟ ਕਰਨ ਵਿੱਚ ਅਸਫ਼ਲ ਹੋ ਗਿਆ ਕਿ ਰਸੂਲ ਕੁਰਿੰਥੁਸ ਵਿੱਚ ਉਨ੍ਹਾਂ ਯਹੂਦੀ ਲੋਕਾਂ ਨੂੰ ਸੰਬੋਧਿਤ ਕਰ ਰਿਹਾ ਸੀ ਜਿਹੜੇ ਹਾਲੇ ਨਵੇਂ-ਨਵੇਂ ਮਸੀਹ ਵਿੱਚ ਆਏ ਸਨ। ਪੌਲੁਸ ਦੀ ਦਲੀਲ ਲਈ ਇਹ ਮਹੱਤਵਪੂਰਣ ਹੈ ਕਿ ਇਸਰਾਏਲ ਦੇ ਲੋਕ ਪਾਣੀ ਵਿੱਚ ਘਿਰ ਗਏ ਸਨ ਜਦੋਂ ਉਨ੍ਹਾਂ ਨੇ ਲਾਲ ਸਮੁੰਦਰ ਨੂੰ ਪਾਰ ਕੀਤਾ ਸੀ (ਕੂਚ 14:21, 22)। ਉਹ ਬੱਦਲ ਜਿਸ ਨੇ ਪਰਮੇਸ਼ੁਰ ਦੇ ਲੋਕਾਂ ਨੂੰ ਮਿਸਰੀਆਂ ਦੀ ਫੋਜ ਤੋਂ ਅੱਡ ਕੀਤਾ ਸੀ ਉਨ੍ਹਾਂ ਦੇ ਉੱਤੇ ਫੈਲਿਆ ਹੋਇਆ ਸੀ; ਦੋਵੇਂ ਪਾਸਿਆਂ ਤੇ ਪਾਣੀ ਦੀਆਂ ਕੰਧਾਂ ਬਣੀਆਂ ਹੋਈਆਂ ਸਨ।

ਉਹ ਪਲ ਜਦੋਂ ਲੋਕ ਮਿਸਰ ਦੀ ਗੁਲਾਮੀ ਵਿੱਚੋਂ ਨਿੱਕਲ ਕੇ ਸੀਨਈ ਉਜਾੜ ਦੀ ਅਜ਼ਾਦੀ ਵਿੱਚ ਚਲੇ ਗਏ, ਉਹ ਇਸਰਾਏਲ ਦੇ ਪਰਮੇਸ਼ੁਰ ਦੁਆਰਾ ਚੁਣੇ ਜਾਣ ਦਾ ਪ੍ਰਤੀਕ ਹੈ। ਨਵੀਂ ਕੌਮ ਫ਼ਿਰਾਊਨ ਦੀ ਨਿਗਰਾਨੀ ਤੋਂ ਨਿੱਕਲ ਕੇ ਪਰਮੇਸ਼ੁਰ ਦੀ ਨਿਗਰਾਨੀ ਵਿੱਚ ਚਲੀ ਗਈ, ਇਹ ਸਭ ਪਰਮੇਸ਼ੁਰ ਦੇ ਦਾਸ ਮੂਸਾ ਦੁਆਰਾ ਹੋਇਆ ਸੀ। ਪੌਲੁਸ ਇਸਰਾਏਲ ਦੇ ਲੋਕਾਂ ਦੇ ਪਾਪ ਦੀ ਗੁਲਾਮੀ ਵਿੱਚੋਂ ਨਿੱਕਲ ਕੇ ਮਸੀਹ ਦੀ ਅਜ਼ਾਦੀ ਵਿੱਚ ਜਾਣ ਦੀ ਕਿੱਥੋਂ ਤੱਕ ਤੁਲਨਾ ਕਰਨਾ ਚਾਹੁੰਦਾ ਹੈ ਇਹ ਅਨਿਸ਼ਚਤ ਹੈ, ਪਰ ਇਹ ਸਪੱਸ਼ਟ ਹੈ ਕਿ ਉਸ ਨੇ ਇਸਰਾਏਲ ਦੇ ਲਾਲ ਸਮੁੰਦਰ ਨੂੰ ਪਾਰ ਕਰਨ ਦੀ ਘਟਨਾ ਨੂੰ ਇੱਕ ਮੁੱਖ ਘਟਨਾ ਵਜੋਂ ਵੇਖਿਆ ਸੀ। ਜਿਵੇਂ ਲਾਲ ਸਮੁੰਦਰ ਪਾਰ ਕਰਨ ਨੇ ਪਰਮੇਸ਼ੁਰ ਨਾਲ ਇਸਾਰਏਲ ਦੇ ਰੁਤਬੇ ਨੂੰ ਬਦਲ ਦਿੱਤਾ ਸੀ, ਬਪਤਿਸਮਾ ਉਹ ਮਾਧਿਅਮ ਹੈ ਜਿਸ ਨੇ ਬਚੇ ਹੋਏ ਲੋਕਾਂ ਨੂੰ ਗੈਰ-ਵਿਸ਼ਵਾਸੀਆਂ ਤੋਂ ਅੱਡ ਕੀਤਾ ਸੀ। ਪਰਮੇਸ਼ੁਰ ਦਾ ਦਾਸ ਮੂਸਾ ਸ਼ਰਾ ਨੂੰ ਦੇਣ ਵਾਲਾ ਬਣਿਆ ਸੀ ਅਤੇ ਇਸਰਾਏਲ ਦੇ ਲੋਕ ਉਸ ਦੇ ਪ੍ਰਤੀ ਜਵਾਬਦੇਹ ਸਨ। ਇਸਰਾਏਲ ਦੇ ਇਤਹਾਸ ਵਿੱਚ ਪ੍ਰਮੁੱਖ ਘਟਨਾਵਾਂ ਨੂੰ ਮਸੀਹ ਦੀਆਂ ਸਿੱਖਿਆਵਾਂ ਦੀ ਪਰਛਾਈ ਦੇ ਰੂਪ ਵਿੱਚ ਵੇਖਦਿਆਂ, ਪੌਲੁਸ ਨੇ ਕਿਹਾ ਕਿ ਕੌਮ ਨੂੰ **ਉਸ ਬੱਦਲ ਅਤੇ ਉਸ ਸਮੁੰਦਰ ਵਿੱਚ ਮੂਸਾ ਦਾ ਬਪਤਿਸਮਾ ਮਿਲਿਆ**।

ਚਾਰ ਆਇਤਾਂ ਵਿੱਚ ਪੰਜ ਵਾਰ, ਪੌਲੁਸ ਨੇ ਜ਼ੋਰ ਦਿੱਤਾ ਕਿ **ਸੱਭੇ** (*πάντες*, *ਪੈਂਟੇਸ*) ਉਸ ਵਿੱਚ ਸਾਂਝੀ ਹਨ ਜੋ ਲਾਲ ਸਮੁੰਦਰ ਵਿੱਚ ਹੋਇਆ ਸੀ। ਇਹ ਘਟਨਾਵਾਂ ਗੈਰ-ਯਹੂਦੀ ਇਸਰਾਏਲ ਦੇ ਲਈ ਉਨ੍ਹਾਂ ਦੇ ਪਰਮੇਸ਼ੁਰ ਦੇ ਚੁਣੇ ਹੋਏ ਲੋਕ ਬਣਨ ਦੀ ਗਰੰਟੀ ਬਣ ਗਈਆਂ ਸਨ। ਅੱਗੇ ਆਉਣ ਵਾਲੀਆਂ ਘਟਨਾਵਾਂ ਵਿੱਚ, ਪੌਲੁਸ ਨੇ ਦਲੀਲ ਦਿੱਤੀ, ਵਿਖਾਇਆ ਕਿ ਇਸਰਾਏਲ ਲਾਪਰਵਾਹ ਬਣ ਚੁੱਕਾ ਸੀ। ਕੁਰਿੰਥੁਸ ਵਿੱਚ ਮਸੀਹੀ ਲੋਕ ਜਿਹੜੇ ਮੂਰਤੀਪੂਜਕਾਂ ਨਾਲ ਬੈਠ ਕੇ ਖਾ ਰਹੇ ਸਨ ਮਸੀਹ ਦੀ ਦੇਹ ਤੇ ਉਹੀ ਨਿਆਉਂ ਲਿਆਉਣ ਦਾ ਖ਼ਤਰਾ ਮੁੱਲ ਲੈ ਰਹੇ ਸਨ ਜੋ ਉਜਾੜ ਵਿੱਚ ਇਸਰਾਏਲ ਤੇ ਆਇਆ ਸੀ।

**ਆਇਤ 3.** ਕੁਰਿੰਥੁਸ ਦੇ ਮਸੀਹੀ ਜਾਣਦੇ ਸਨ ਕਿ ਪਰਮੇਸ਼ੁਰ ਨੇ ਉਨ੍ਹਾਂ ਦੇ ਜੀਵਨਾਂ ਵਿਚ ਆਪਣੇ ਆਪ ਨੂੰ ਪਰਗਟ ਕਰਨ ਦੇ ਲਈ ਦੋ ਤਰੀਕੇ ਨਿਸ਼ਚਤ ਕੀਤੇ ਹਨ। ਵਿਸ਼ਵਾਸ ਦੇ ਰਾਹੀਂ ਤੋਬਾ ਦੇ ਅਧਾਰ ਤੇ ਬਪਤਿਸਮਾ ਲੈਣ ਦਾ ਪਰਿਣਾਮ ਪਰਮੇਸ਼ੁਰ ਨੇ ਆਪਣੇ ਪੁੱਤਰ

ਦੇ ਬਲੀਦਾਨ ਦੇ ਰਾਹੀਂ ਆਪਣੀ ਦਯਾ ਦੇ ਨਾਲ ਪਾਪਾਂ ਦੀ ਮਾਫੀ ਪ੍ਰਦਾਨ ਕਰ ਦਿੱਤੀ ਹੈ। ਪਰਮੇਸ਼ੁਰ ਦੇ ਨਾਲ ਇਸਰਾਏਲੀਆਂ ਦਾ ਜੀਵਨ ਉਸ ਸਮੇਂ ਸ਼ੁਰੂ ਹੋਇਆ ਜਦੋਂ ਉਨ੍ਹਾਂ ਨੇ ਮੂਸਾ ਦਾ ਬਪਤਿਸਮਾ ਲਿਆ; ਕੁਰਿੰਥੁਸ ਵਿਚਲੇ ਮਸੀਹੀਆਂ ਦਾ ਪਰਮੇਸ਼ੁਰ ਦੇ ਨਾਲ ਜੀਵਨ ਉਸ ਸਮੇਂ ਸ਼ੁਰੂ ਹੋਇਆ ਜਦੋਂ ਤੋਬਾ ਕਰਨ ਵਾਲੇ ਮਸੀਹੀਆਂ ਨੂੰ ਪਾਣੀ ਵਿਚ ਡੁੱਬਕੀ ਦਿੱਤੀ ਗਈ (ਰਸੂਲਾਂ ਦੇ ਕਰਤੱਬ 2:38; 22:16)। ਪਰਮੇਸ਼ੁਰ ਨੇ ਬਪਤਿਸਮੇ ਦੇ ਦੁਆਰਾ ਬਚਾਉਣ ਦਾ ਕੰਮ ਕੀਤਾ।

ਬਪਤਿਸਮੇਂ ਤੋਂ ਇਲਾਵਾ, ਪਰਮੇਸ਼ਰ ਨੇ ਕਲੀਸੀਆ ਨੂੰ ਪ੍ਰਭੂ ਭੋਜ ਵੀ ਦਿੱਤਾ ਸੀ। ਇਸ ਦੇ ਦੁਆਰਾ ਪਰਮੇਸ਼ੁਰ ਨੇ ਮਸੀਹੀਆਂ ਨੂੰ ਵਿਸ਼ਵਾਸ ਦੇ ਵਿਚ ਜੀਵਨ ਗੁਜ਼ਾਰਨ ਦੀ ਸਮਰੱਥ ਵੀ ਦਿੱਤੀ ਹੈ। ਜਿਵੇਂ ਇਸਰਾਏਲੀਆਂ ਨੇ ਜੰਗਲ ਵਿਚ ਇੱਕ ਕਿਸਮ ਦੇ ਬਪਤਿਸਮੇ ਦਾ ਅਨੁਭਵ ਕੀਤਾ ਸੀ, ਉਸੇ ਤਰ੍ਹਾਂ ਉਨ੍ਹਾਂ ਨੇ ਪ੍ਰਭੂ ਭੋਜ ਦੀ ਇੱਕ ਕਿਸਮ ਦਾ ਵੀ ਅਨੁਭਵ ਕੀਤਾ ਸੀ। ਪੌਲੁਸ ਨੇ ਲਿਖਿਆ ਕਿ ਜਿਹੜੇ ਲੋਕ ਲਾਲ ਸਮੁੰਦਰ ਦੇ ਵਿਚੋਂ ਦੀ ਲੰਘੇ ਸਨ **ਸਭਨਾਂ ਨੇ ਇੱਕੋ ਆਤਮਕ ਭੋਜਨ ਖਾਧਾ।** ਇਸਰਾਏਲੀ ਲੋਕ ਮੰਨ ਦੇ ਦੁਆਰਾ (ਕੂਚ 16:4, 31) ਅਤੇ ਪਰਮੇਸ਼ੁਰ ਦੇ ਦੁਆਰਾ ਚੱਟਾਨ ਵਿਚੋਂ ਵਹਾਏ ਗਏ ਜਲ ਦੇ ਦੁਆਰਾ ਜੀਉਂਦੇ ਰਹੇ (ਜਿਵੇਂ ਕੂਚ 17:6 ਵਿਚ ਹੈ)। ਇਸੇ ਤਰ੍ਹਾਂ, ਪੌਲੁਸ ਨੇ ਸੰਕੇਤ ਦਿੱਤਾ, ਕਿ ਪਰਮੇਸ਼ੁਰ ਆਤਮਿਕ ਰੋਟੀ ਅਤੇ ਜਲ ਦੇ ਦੁਆਰਾ ਆਪਣੀ ਕਲੀਸੀਆ ਕਾਇਮ ਰੱਖਦਾ ਹੈ ਜੋ ਵਿਸ਼ਵਾਸੀਆਂ ਨੂੰ ਪ੍ਰਭੂ ਭੋਜ ਦੇ ਦੁਆਰਾ ਆਪਸ ਵਿਚ ਜੋੜਦਾ ਹੈ ਜਦੋਂ ਉਹ ਆਪਣਾ ਧਿਆਨ ਸਲੀਬ ਉੱਤੇ ਅਤੇ ਇਸ ਗੱਲ ਉੱਤੇ ਲਗਾਉਂਦੇ ਹਨ ਕਿ ਇਸ ਦਾ ਅਰਥ ਕੀ ਹੈ। ਯੂਹੰਨਾ 6:31-51 ਵਿਚ, ਯਿਸੂ ਨੇ ਜੰਗਲ ਵਿਚਲੇ ਮੰਨ ਦਾ ਉਲੇਖ ਕੀਤਾ। ਇਸ ਬੰਦ ਵਿਚ ਉਸ ਦੀ ਭਾਸ਼ਾ ਪ੍ਰਭੂ ਭੋਜ ਦੀ ਯਾਦ ਦਿਵਾਉਂਦੀ ਹੈ। ਮੰਨਾ ਯਿਸੂ ਮਸੀਹ ਦਾ ਇੱਕ ਨਮੂਨਾ, ਇੱਕ ਚਿੰਨ੍ਹ ਸੀ। ਯੂਹੰਨਾ 6:35 ਵਿਚ ਯਿਸੂ ਨੇ ਕਿਹਾ, “ਜੀਉਣ ਦੀ ਰੋਟੀ ਮੈਂ ਹਾਂ। ਜੋ ਮੇਰੇ ਕੋਲ ਆਉਂਦਾ ਹੈ ਉਹ ਮੂਲੋਂ ਭੁੱਖਾ ਨਾ ਹੋਵੇਗਾ ਅਤੇ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਕਦੇ ਵੀ ਤਿਹਾਇਆ ਨਾ ਹੋਵੇਗਾ।“

**ਆਇਤ 4.** 10:3, 4 ਵਿਚ, ਪੌਲੁਸ ਨੇ ਤਿੰਨ ਵਾਰ **ਆਤਮਿਕ** (πνευματικός, *ਨਿਊਮੈਟੀਕੋਸ*) ਸ਼ਬਦ ਦਾ ਇਸਤੇਮਾਲ ਕੀਤਾ। ਇਸਰਾਏਲ ਨੇ "ਆਤਮਿਕ ਭੋਜਨ" ਖਾਧਾ ਅਤੇ **ਆਤਮਕ ਜਲ ਪੀਤਾ . . .** ਅਤੇ ਉਹ ਪੱਥਰ ਜੋ ਉਨ੍ਹਾਂ ਦੇ ਮਗਰ ਮਗਰ ਚੱਲਦਾ ਸੀ ਉਹ “ਆਤਮਕ” ਸੀ। ਵਿਸ਼ੇਸ਼ਣ ਤੋਂ ਰਸੂਲ ਦਾ ਕੀ ਅਰਥ ਹੈ ਇਹ ਸਪੱਸ਼ਟ ਨਹੀਂ ਹੈ। ਪਤਰਸ ਨੇ ਇਸ ਸ਼ਬਦ ਦਾ ਇਸਤੇਮਾਲ “ਗੈਰ-ਸ਼ਾਬਦਿਕ” ਅਰਥ ਦੇ ਲਈ ਕੀਤਾ ਸੀ। ਮਸੀਹੀਆਂ ਨੂੰ ਇੱਕ “ਆਤਮਿਕ” ਘਰ ਦੇ ਰੂਪ ਵਿਚ ਬਣਾਇਆ ਗਿਆ ਹੈ ਅਤੇ ਜਾਨਵਰਾਂ ਨੂੰ ਬਲੀਦਾਨ ਕਰਨ ਦੀ ਬਜਾਇ “ਆਤਮਿਕ” ਬਲੀਦਾਨ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ (1 ਪਤਰਸ 2:5)।

ਪੌਲੁਸ 1 ਕੁਰਿੰਥੀਆਂ ਵਿਚ ਆਪਣੀਆਂ ਸਾਰੀਆਂ ਪੱਤ੍ਰੀਆਂ ਦੀ ਤੁਲਨਾ ਵਿਚ “ਆਤਮਿਕ” ਦੇ ਰੂਪ ਵਿਚ ਵਧੇਰੇ ਚੀਜ਼ਾਂ ਦੀ ਪਛਾਣ ਕਰਵਾਉਂਦਾ ਹੈ। ਉਸ ਨੇ ਸ਼ਹਿਰ ਵਿਚ ਵਿਸ਼ਵਾਸੀਆਂ ਦੇ ਦਰਮਿਆਨ ਆਪਣੀ ਸਿੱਖਿਆ ਅਤੇ ਸੇਵਾ (9:11), ਦੇ ਨਾਲ ਨਾਲ ਲੋਕਾਂ ਨੂੰ ਵੀ “ਆਤਮਿਕ” ਕਿਹਾ (2:15)। ਕੁਰਿੰਥੁਸ ਦੇ ਲੋਕਾਂ ਦੇ ਕੋਲ “ਆਤਮਿਕ” ਵਰਦਾਨ ਸਨ (12:1; 14:1), ਅਤੇ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਨੂੰ “ਆਤਮਿਕ” ਸਰੀਰਾਂ ਦੇ ਵਿਚ ਬਦਲ ਜਾਣ ਦੀ ਆਸ ਸੀ (15:44, 46)। ਜ਼ਾਹਿਰ ਤੌਰ ਤੇ, ਰਸੂਲ ਉਸ ਸਮੇਂ ਕਿਸੇ ਚੀਜ਼ ਨੂੰ “ਆਤਮਿਕ” ਸਮਝਦਾ ਸੀ ਜਦੋਂ ਉਹ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਪੂਰਾ ਕਰਦੀ ਸੀ।

ਇਸਰਾਏਲੀਆਂ ਨੂੰ ਮਿਲਣ ਵਾਲੇ ਭੋਜਨ, ਜਲ ਅਤੇ ਪੱਥਰ ਆਮ ਕਿਸਮ ਦੇ ਨਹੀਂ ਸਨ। ਜਿਸ ਤਰੀਕੇ ਦੇ ਨਾਲ ਉਹ ਦਿੱਤੇ ਗਏ ਸਨ ਅਤੇ ਜਿਨ੍ਹਾਂ ਉਦੇਸ਼ਾਂ ਨੂੰ ਪੂਰਾ ਕਰਦੇ ਸਨ ਉਹ ਈਸ਼ੁਰੀ ਯੋਜਨਾ ਦੇ ਵਿਚ ਢੁੱਕਦਾ ਸੀ। ਪਰ, ਕਦੀ-ਕਦੀ ਇੰਝ ਜਾਪਦਾ ਹੈ ਕਿ ਪਤਰਸ ਦੇ ਵਾਂਗ, ਪੌਲੁਸ ਨੇ "ਆਤਮਿਕ" ਸ਼ਬਦ ਨੂੰ "ਗੈਰ-ਮੂਲ ਅਰਥਕ" ਰੂਪ ਵਿਚ ਵਰਤਿਆ ਹੈ। 1 ਕੁਰਿੰਥੀਆਂ 15:39-50 ਵਿਚ ਜਿਸ ਸਰੀਰ ਦੇ ਵਿਸ਼ੇ ਵਿਚ ਚਰਚਾ ਕੀਤੀ ਗਈ ਹੈ ਉਹ ਗੈਰ-ਮੂਲ ਅਰਥਕ ਹੈ, ਅਰਥਾਤ, "ਮਾਸ ਅਤੇ ਲਹੂ" ਨਹੀਂ ਹੈ (15:50)। ਆਤਮਿਕ ਪੱਥਰ ਜਿਸ ਨੇ ਜੰਗਲ ਵਿਚ ਇਸਰਾਏਲੀਆਂ ਦੀ ਅਗਵਾਈ ਕੀਤੀ ਉਹ ਵੀ ਇੱਕ ਮੂਲ ਅਰਥ ਵਿਚ ਪੱਥਰ ਨਹੀਂ ਸੀ।

ਜੇਕਰ ਪੌਲੁਸ "ਆਤਮਿਕ ਭੋਜਨ" ਅਤੇ "ਆਤਮਿਕ ਜਲ" ਨਾਲ ਬੰਦ ਕਰ ਦਿੰਦਾ, ਤਾਂ ਅਸੀਂ ਬਿਨਾਂ ਰੁਕਾਵਟ ਦੇ ਪੜ੍ਹ ਸਕਦੇ ਹਾਂ; ਪਰ ਉਸ ਨੇ ਕਿਹਾ, **ਕਿਉਂ ਜੋ ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ।** ਇਸ ਕਥਨ ਵਿਚ, ਉਸ ਨੇ ਬਾਈਬਲ ਦੀ ਵਿਆਖਿਆ ਦੇ ਇੱਕ ਅਸੁਭਾਵਿਕ ਵਿਧੀ ਦਾ ਇਸਤੇਮਾਲ ਕੀਤਾ। ਕੀ ਪੌਲੁਸ ਪੁਰਾਣੇ ਨੇਮ ਦੀ ਵਿਆਖਿਆ ਰੂਪਕ ਰੂਪ ਵਿਚ ਕਰਦਾ ਸੀ, ਜਾਂ ਸ਼ਾਇਦ ਸੰਕੇਤਕ ਰੂਪ ਵਿਚ? ਪੁਰਾਣੇ ਨੇਮ ਨੇ ਅਜਿਹੀ ਕਿਸੇ ਚੱਟਾਨ ਦੇ ਵਿਸ਼ੇ ਵਿਚ ਕੁਝ ਨਹੀਂ ਕਿਹਾ ਜੋ ਜੰਗਲ ਦੇ ਵਿਚ ਇਸਰਾਏਲ ਦੇ ਮਗਰ ਮਗਰ ਚੱਲਦੀ ਸੀ। ਪੁਰਾਣਾ ਨੇਮ ਉਸ ਪੱਥਰ ਦੇ ਵਿਸ਼ੇ ਵਿਚ ਕੁਝ ਵੀ ਨਹੀਂ ਕਹਿੰਦਾ ਹੈ ਜੋ ਜੰਗਲ ਵਿਚ ਇਸਰਾਏਲੀਆਂ ਦੇ ਮਗਰ ਮਗਰ ਚੱਲਦਾ ਸੀ। ਰਸੂਲਾਂ ਦੇ ਦਾਅਵੇ ਦਾ ਸ੍ਰੋਤ ਕੀ ਸੀ, ਅਤੇ ਕਿਉਂ ਉਹ ਕਹਿੰਦਾ ਹੈ ਕਿ "ਉਹ ਪੱਥਰ ਮਸੀਹ ਹੈਸੀ"?

ਡੇਵਿਡ ਈ. ਗਾਰਲੈਂਡ ਨੇ ਕੁਝ ਸੰਭਾਵਨਾਵਾਂ ਦੀ ਸੂਚੀ ਬਣਾਈ, ਜੋ ਇਸਰਾਏਲ ਦੇ ਲਈ ਪਰਮੇਸ਼ੁਰ ਦੇ ਪ੍ਰਬੰਧ ਵਿਚ ਉਸ ਦੀ ਸਥਿਰਤਾ ਦੇ ਨਾਲ ਪੱਥਰ ਦੀ ਤਸਵੀਰ ਨੂੰ ਜੋੜਦੀਆਂ ਹਨ।[2] ਪਰਮੇਸ਼ੁਰ ਨੇ ਉਨ੍ਹਾਂ ਦੇ ਸਫਰ ਦੇ ਸ਼ੁਰੂ ਵਿਚ ਅਤੇ ਫਿਰ ਅੰਤ ਦੇ ਨੇੜੇ ਪੱਥਰ ਵਿਚੋਂ ਪਾਣੀ ਕੱਢਿਆ (ਕੂਚ 17:6; ਗਿਣਤੀ 20:8)। ਉਨ੍ਹਾਂ ਸਾਲਾਂ ਦੇ ਦੌਰਾਨ ਪਰਮੇਸ਼ੁਰ ਲਗਾਤਾਰ ਆਪਣੇ ਲੋਕਾਂ ਦੇ ਵਿਚਕਾਰ ਰਿਹਾ, ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਰਿਹਾ। ਸ਼ਾਇਦ ਪੌਲੁਸ ਨੇ ਇਹ ਤਰਕ ਦਿੱਤਾ ਕਿ ਪਰਮੇਸ਼ੁਰ ਇੱਕ ਰੂਪਕ ਚੱਟਾਨ ਹੈ (ਬਿਵਸਥਾ ਸਾਰ 32:4) ਜਿਸ ਨੇ ਉਨ੍ਹਾਂ ਚਾਲੀ ਸਾਲਾਂ ਦੇ ਦੌਰਾਨ ਲੋਕਾਂ ਦੀ ਅਗਵਾਈ ਕੀਤੀ ਅਤੇ ਉਨ੍ਹਾਂ ਨੂੰ ਮੁਹੱਈਆ ਕਰਵਾਇਆ। ਇਸ ਤੋਂ ਇਲਾਵਾ, ਪੌਲੁਸ ਅਤੇ ਨਵੇਂ ਨੇਮ ਦੇ ਹੋਰਨਾਂ ਮਸੀਹੀਆਂ ਨੇ ਸਮਝ ਲਿਆ ਕਿ ਯਿਸੂ ਈਸ਼ੁਰੀ ਹੈ। ਪੁਰਾਣੇ ਨੇਮ ਵਿਚ ਪਰਮੇਸ਼ੁਰ ਨੇ ਜੋ ਕੁਝ ਵੀ ਕੀਤਾ ਸੀ ਉਸ ਵਿਚ ਮਸੀਹ ਵੀ ਸ਼ਾਮਲ ਸੀ। ਯੂਹੰਨਾ ਨੇ ਇਹ ਦਰਸਾਉਂਦੇ ਹੋਏ ਆਪਣੀ ਇੰਜੀਲ ਦੇ ਵਰਣਨ ਦੀ ਸ਼ੁਰੂਆਤ ਕੀਤੀ ਕਿ ਆਦ ਵਿਚ ਯਿਸੂ ਪਰਮੇਸ਼ੁਰ ਦੇ ਨਾਲ ਸੀ (ਯੂਹੰਨਾ 1:1)। ਜੇਕਰ ਪਰਮੇਸ਼ੁਰ ਨੂੰ ਉਸ ਪੱਥਰ ਦੇ ਰੂਪ ਵਿਚ ਵੇਖਿਆ ਜਾਂਦਾ ਹੈ ਜੋ ਇਸਰਾਏਲੀਆਂ ਦੇ ਪਿੱਛੇ ਪਿੱਛੇ ਚੱਲਦਾ ਸੀ, ਤਾਂ ਪਰਮੇਸ਼ੁਰ ਹੋਣ ਦੇ ਨਾਤੇ-ਯਿਸੂ ਹੀ ਉਹ ਪੱਥਰ ਹੈ ਜੋ ਜੰਗਲ ਦੇ ਵਿਚ ਇਸਰਾਏਲੀਆਂ ਦੇ ਪਿੱਛੇ ਪਿੱਛੇ ਚੱਲਦਾ ਸੀ। ਪੌਲੁਸ ਦੇ ਸਿੱਟੇ ਉਸ ਜਾਣਕਾਰੀ ਤੋਂ ਆਉਂਦੇ ਹਨ ਜੋ ਉਹ ਪੁਰਾਣੇ ਨੇਮ ਦੇ ਵਰਣਨ ਅਤੇ ਯਿਸੂ ਦੇ ਵਿਅਕਤੀ ਦੇ ਵਿਸ਼ੇ ਵਿਚ ਜਾਣਦਾ ਸੀ।

**ਆਇਤ 5.** ਇਸਰਾਏਲ ਦੇ ਲੋਕਾਂ ਨੂੰ ਪਰਮੇਸ਼ੁਰ ਦੀ ਵੱਲੋਂ ਬਹੁਤ ਸਾਰੀਆਂ ਬਰਕਤਾਂ ਪ੍ਰਾਪਤ ਹੋਈਆਂ ਸਨ। ਉਸ ਨੇ ਉਨ੍ਹਾਂ ਨੂੰ ਆਪਣੇ ਲੋਕ ਹੋਣ ਦੇ ਲਈ ਚੁਣਿਆ ਸੀ; ਲਾਲ

ਸਮੁੰਦਰ ਦੇ ਵਿਚ ਉਨ੍ਹਾਂ ਨੇ ਇੱਕ ਕਿਸਮ ਦੇ ਬਪਤਿਸਮੇ ਦਾ ਅਨੁਭਵ ਕੀਤਾ ਸੀ। ਉਸ ਨੇ ਉਨ੍ਹਾਂ ਨੂੰ ਆਤਮਿਕ ਭੋਜਨ ਅਤੇ ਜਲ ਦਿੱਤਾ, ਪਰ ਫਿਰ ਵੀ ਉਹ ਉਸ ਤੋਂ ਮੁੜ ਗਏ। ਇਸ ਲਈ, ਉਨ੍ਹਾਂ ਦੇ ਉੱਤੇ ਬਿਪਤਾ ਆ ਪਈ: **ਉਹ ਉਜਾੜ ਵਿੱਚ ਢਹਿ ਪਏ।** ਮੂਰਤੀਪੂਜਾ ਅਤੇ ਇਸਰਾਏਲ ਦੀ ਸਜ਼ਾ ਨੂੰ ਕੁਰਿੰਥੀਆਂ ਦੇ ਲੋਕਾਂ ਦੇ ਲਈ ਇੱਕ ਚੇਤਾਵਨੀ ਦੇ ਰੂਪ ਵਿਚ ਇਸਤੇਮਾਲ ਕੀਤਾ ਗਿਆ ਸੀ। ਉਹ ਮਸੀਹੀ ਜੋ ਮੂਰਤੀਪੂਜਕਾਂ ਦੀਆਂ ਵਿਧੀਆਂ ਵਿਚ ਹਿੱਸਾ ਲੈਣ ਦੇ ਲਈ ਆਪਣੇ ਆਪ ਦੇ ਨਾਲ ਸਮਝੌਤਾ ਕਰਦੇ ਸਨ ਉਹ ਪਰਮੇਸ਼ੁਰ ਤੋਂ ਉੱਨੇ ਹੀ ਦੂਰ ਹੋ ਜਾਣਗੇ ਜਿੰਨੇ ਇਸਰਾਏਲੀ ਹੋ ਗਏ ਸਨ। ਇਸਰਾਏਲ ਨੇ ਇਸ ਸੰਬੰਧ ਵਿਚ ਇੱਕ ਪ੍ਰਮੁੱਖ ਉਦਾਹਰਣ ਪੇਸ਼ ਕੀਤੀ ਹੈ।

ਵਿਸ਼ੇਸ਼ ਹਲਾਤਾਂ ਦਾ ਦਾਅਵਾ ਕਰਕੇ ਨਾ ਹੀ ਮੂਰਤੀਪੂਜਾ ਨਾ ਹੀ ਕਿਸੇ ਵੀ ਹੋਰ ਪਾਪ ਨੂੰ ਮਾਫ਼ ਕੀਤਾ ਜਾ ਸਕਦਾ ਹੈ। ਇੱਕ ਚੋਰ, ਇੱਕ ਵਿਭਚਾਰੀ, ਜਾਂ ਝੂਠਾ ਵਕਾਲਤ ਕਰ ਸਕਦਾ ਹੈ ਕਿ ਉਸ ਦੇ ਮਾਮਲੇ ਵਿਚ ਪਾਪ ਸਮਝਣਯੋਗ ਸੀ। ਕੋਈ ਘਟਾਉਣ ਵਾਲਾ ਵਿਚਾਰ ਨਹੀਂ ਹੈ – ਗਿਆਨ, ਪ੍ਰੇਮ, ਜਾਂ ਜ਼ਰੂਰਤ ਵਿਚੋਂ ਕੋਈ ਵੀ ਇੱਕ ਪਾਪ ਭਰੇ ਕੰਮ ਨੂੰ ਸਵੀਕਾਰ ਕੀਤੇ ਜਾਣ ਦੇ ਯੋਗ ਨਹੀਂ ਬਣਾ ਸਕਦਾ ਹੈ। ਪੌਲੁਸ ਇਹ ਦਰਸਾ ਰਿਹਾ ਸੀ ਕਿ, ਉਜਾੜ ਵਿਚ ਜਦੋਂ ਇਸਰਾਏਲੀ ਲੋਕ ਮੂਰਤੀਆਂ ਵੱਲ ਮੁੜੇ, ਤਾਂ ਉਨ੍ਹਾਂ ਨੇ ਉਸ ਤੋਂ ਵੱਧ ਕੇ ਬਗਾਵਤ ਨਹੀਂ ਕੀਤੀ ਸੀ ਜਿੰਨੀ ਉਨ੍ਹਾਂ ਮਸੀਹੀ ਲੋਕਾਂ ਨੇ ਕੀਤੀ ਸੀ ਜਿਨ੍ਹਾਂ ਨੇ ਇੱਕ ਮੂਰਤੀ ਦੇ ਮੰਦਰ ਵਿਚ ਖਾਧਾ ਸੀ। ਕੋਈ ਤਰਕਸ਼ੀਲਤਾ ਜਾਂ ਦਾਅਵਾ ਕੀਤਾ ਗਿਆ ਗਿਆਨ ਇਸ ਮੂੜ ਪ੍ਰਥਾ ਨੂੰ ਉਸ ਨਿਰਦੋਸ਼ ਭੋਜਨ ਵਿਚ ਨਹੀਂ ਬਦਲ ਸਕਦਾ ਹੈ ਜੋ ਹੋਰ ਸਮਾਨ ਦਿਲਚਸਪੀਆਂ ਵਾਲੇ ਲੋਕਾਂ ਦੇ ਨਾਲ ਸਾਂਝਾ ਕੀਤਾ ਗਿਆ।

## "ਸਾਡੇ ਲਈ ਨਸੀਹਤਾਂ" (10:6-13)

**6ਅਤੇ ਏਹ ਗੱਲਾਂ ਸਾਡੇ ਲਈ ਨਸੀਹਤ ਬਣੀਆਂ ਭਈ ਅਸੀਂ ਮਾੜੀਆਂ ਗੱਲਾਂ ਦੀਆਂ
ਕਾਮਨਾਂ ਨਾ ਕਰੀਏ ਜਿਵੇਂ ਓਹਨਾਂ ਨੇ ਕਾਮਨਾਂ ਕੀਤੀਆਂ ਸਨ 7ਅਤੇ ਨਾ ਤੁਸੀਂ
ਮੂਰਤੀਪੂਜਕ ਹੋਵੋ ਜਿਵੇਂ ਓਹਨਾਂ ਵਿੱਚੋਂ ਕਈਕੁ ਹੋਏ ਸਨ। ਜਿਸ ਪਰਕਾਰ ਲਿਖਿਆ
ਹੋਇਆ ਹੈ ਜੋ ਓਹ ਲੋਕ ਖਾਣ ਪੀਣ ਬੈਠੇ ਅਤੇ ਹੱਸਣ ਖੇਡਣ ਨੂੰ ਉੱਠੇ। 8ਅਤੇ ਨਾ ਅਸੀਂ
ਹਰਾਮਕਾਰੀ ਕਰੀਏ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਕੀਤੀ ਅਤੇ ਇੱਕੋ ਦਿਨ ਵਿੱਚ ਤੇਈ
ਹਜ਼ਾਰ ਜਣਿਆਂ ਦੇ ਸੱਥਰ ਲੱਥੇ। 9ਅਤੇ ਨਾ ਅਸੀਂ ਪ੍ਰਭੂ ਨੂੰ ਪਰਤਾਈਏ ਜਿਵੇਂ ਓਹਨਾਂ
ਵਿੱਚੋਂ ਕਈਆਂ ਨੇ ਪਰਤਾਇਆ ਸੀ ਅਤੇ ਸੱਪਾਂ ਤੋਂ ਨਾਸ ਹੋਏ। 10ਅਤੇ ਨਾ ਤੁਸੀਂ ਬੁੜ ਬੁੜ
ਕਰੋ ਜਿਵੇਂ ਓਹਨਾਂ ਵਿੱਚੋਂ ਕਈਆਂ ਨੇ ਬੁੜ ਬੁੜ ਕੀਤੀ ਅਤੇ ਨਾਸ ਕਰਨ ਵਾਲੇ ਤੋਂ ਨਾਸ
ਹੋਏ। 11ਸੋ ਏਹ ਗੱਲਾਂ ਓਹਨਾਂ ਉੱਤੇ ਨਸੀਹਤ ਦੇ ਲਈ ਹੋਈਆਂ ਅਤੇ ਸਾਨੂੰ ਮੱਤ ਦੇਣ ਦੇ
ਲਈ ਲਿਖੀਆਂ ਗਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ। 12ਗੱਲ
ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ ਭਈ
ਕਿਤੇ ਡਿੱਗ ਨਾ ਪਵੇ। 13ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ ਪਿਆ ਜੋ ਮਨੁੱਖ
ਤੋਂ ਨਹੀਂ ਝੱਲਿਆ ਜਾਂਦਾ ਪਰੰਤੂ ਪਰਮੇਸ਼ੁਰ ਵਫ਼ਾਦਾਰ ਹੈ ਜੋ ਸ਼ਕਤੀਓਂ ਬਾਹਰ ਤੁਹਾਨੂੰ
ਪਰਤਾਵੇ ਵਿੱਚ ਨਹੀਂ ਪੈਣ ਦੇਵੇਗਾ ਸਗੋਂ ਪਰਤਾਵੇ ਦੇ ਨਾਲ ਹੀ ਬਚ ਜਾਣ ਦਾ ਉਪਾਓ ਵੀ
ਕੱਢ ਦੇਵੇਗਾ ਭਈ ਤੁਸੀਂ ਝੱਲ ਸੱਕੋ।**

ਰਸੂਲ ਦੇ ਦੁਆਰਾ ਇਸਰਾਏਲ ਦੇ ਮੂਰਤੀਪੂਜਾ ਵਿਚ ਡਿੱਗ ਜਾਣ ਦੀ ਕਹਾਣੀ ਸੁਣਾਉਣ ਦਾ ਇੱਕ ਕਾਰਨ ਸੀ। ਉਸ ਨੇ ਆਪਣੇ ਪਾਠਕਾਂ ਨੂੰ ਦੱਸਿਆ ਕਿ ਪੁਰਾਣੇ ਸਮੇਂ ਦੀਆਂ ਘਟਨਾਵਾਂ ਦਾ ਮੁੱਲ ਸਿੱਖਿਆ ਦੇਣਾ ਸੀ; ਉਨ੍ਹਾਂ ਨੇ ਵਧੀਆ ਉਦਾਹਰਣ ਪੇਸ਼ ਕੀਤੇ (10:6, 11)। ਇੱਕ ਅਜਿਹੀ ਕਲੀਸੀਆ ਨੇ ਜਿਸ ਵਿਚ ਧੜੇਬੰਦੀਆਂ ਸਨ ਆਪਣੇ ਅੰਦਰੂਨੀ ਮਾਮਲਿਆਂ ਦੇ ਨਾਲ ਨਾਲ ਆਪਣੇ ਆਪ ਨੂੰ ਮੂਰਤੀਪੂਜਾ ਦੇ ਵਿਸ਼ੇ ਵਿਚ ਪੌਲੁਸ ਦੀਆਂ ਚੇਤਾਵਨੀਆਂ ਵਿਚ ਪਰਗਟ ਕੀਤਾ। ਕੁਝ ਲੋਕਾਂ ਦੇ ਲਈ ਪੌਲੁਸ ਅਤੇ ਕੁਝ ਦੇ ਲਈ ਅਪੁੱਲੋਸ ਨੂੰ ਤਰਜੀਹ ਦੇਣਾ ਮਨਾਂ ਵਿਚਲੀ ਵੰਡ ਸੀ। ਕੁਰਿੰਥੁਸ ਦੇ ਕੁਝ ਲੋਕ ਕਪਟੀ ਨਿਰੀਖਕ ਅਤੇ ਵੱਡੇ ਧਾਰਮਿਕ ਸਥਲਾਂ ਵਿਚ ਹਿੱਸਾ ਲੈਣ ਵਾਲੇ ਸਨ। ਉਨ੍ਹਾਂ ਦੇ ਕੋਲ ਧਨ, ਰਾਜਨੀਤਿਕ ਤਾਕਤ, ਅਤੇ ਸਿੱਖਿਆ ਦੇ ਵੱਖ ਵੱਖ ਪੱਧਰ ਸਨ। ਉਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਨਸਲੀ ਤੌਰ ਤੇ ਯਹੂਦੀ ਸਨ। ਵਧੇਰੇ ਨਿਮਰ ਉਤਪਤੀ ਦੇ ਗੈਰ-ਯਹੂਦੀਆਂ ਨੂੰ ਜੰਗਲ ਵਿਚ ਇਸਰਾਏਲ ਦੇ ਨਿਵਾਸ ਦੀ ਗੜਬੜੀ ਦੇ ਬਾਰੇ ਪਤਾ ਹੋ ਸਕਦਾ ਹੈ, ਪਰ ਪੌਲੁਸ ਇਸ ਘਟਨਾ ਦੇ ਨਾਲ ਸੰਬੰਧਤ ਹੈ ਕਿਉਂਕਿ ਇਹ ਯਹੂਦੀ ਵਿਸ਼ਵਾਸੀਆਂ ਦੇ ਨਾਲ ਘਰ ਕਰ ਗਿਆ ਸੀ। ਕੁਰਿੰਥੁਸ ਦੀ ਕਲੀਸੀਆ ਦੀ ਅਗਵਾਈ ਯਹੂਦੀ ਹੱਥਾਂ ਵਿਚ ਸੀ। ਯਹੂਦੀ ਹੋਣ ਦੇ ਨਾਤੇ ਉਨ੍ਹਾਂ ਨੇ ਆਪਣੇ ਆਪ ਨੂੰ ਸ਼ਹਿਰ ਦੇ ਧਾਰਮਿਕ ਵਾਤਾਵਰਣ ਦੇ ਨਾਲ ਅਨੁਕੂਲਿਤ ਕੀਤਾ ਹੋਇਆ ਸੀ। ਉਹ ਸਮਝਦੇ ਸਨ ਕਿ ਮਸੀਹੀ ਬਣਨ ਦੇ ਨਾਲ ਉਨ੍ਹਾਂ ਦੇ ਸ਼ਹਿਰ ਦੇ ਦੇਵਤਿਆਂ ਅਤੇ ਮੰਦਰਾਂ ਦੇ ਨਾਲ ਉਨ੍ਹਾਂ ਦੇ ਪਰਸਪਰ ਸੰਬੰਧ ਵਿਚ ਕੋਈ ਖਾਸ ਫਰਕ ਨਹੀਂ ਪਵੇਗਾ।

**ਆਇਤ 6.** ਇਸਰਾਏਲੀਆਂ ਦੀ ਮੂਰਤੀਪੂਜਾ ਕੁਰਿੰਥੁਸ ਦੇ ਮਸੀਹੀਆਂ ਦੇ ਲਈ ਇੱਕ ਸਬਕ ਤੋਂ ਵੱਧ ਕੇ ਸੀ। ਇਸਰਾਏਲੀਆਂ ਦਾ ਪਾਪ ਅਤੇ ਉਸ ਦੇ ਸਿੱਟੇ ਵਜੋਂ ਮਿਲਣ ਵਾਲੇ ਦੁੱਖ ਨੇ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਇੱਕ ਉਦਾਹਰਣ ਨੂੰ ਪੇਸ਼ ਕੀਤਾ ਸੀ। ਇਸ ਨੇ ਮੂਰਤੀਪੂਜਾ ਦੇ ਰਾਹਾਂ ਵੱਲ ਨਾ ਝੁਕਣ ਦੀ ਇੱਕ ਚੇਤਾਵਨੀ ਦੇ ਰੂਪ ਵਿਚ ਕੰਮ ਕੀਤਾ।

ਰਸੂਲ ਨੇ ਲਿਖਿਆ, **ਅਤੇ ਇਹ ਗੱਲਾਂ ਸਾਡੇ ਲਈ ਨਸੀਹਤ ਬਣੀਆਂ**। ਉਜਾੜ ਵਿਚ ਲੋਕਾਂ ਦਾ ਵਿਹਾਰ ਅਤੇ ਕੁਰਿੰਥੁਸ ਦੀ ਕਲੀਸੀਆ ਦਾ ਵਿਹਾਰ, ਭਾਵੇਂ ਇਕਦਮ ਸਮਾਂਤਰ ਨਹੀਂ ਸੀ, ਪਰ ਉਨ੍ਹਾਂ ਵਿਚ ਇੰਨੀ ਕੁ ਸਮਾਨਤਾ ਸੀ ਕਿ ਰਸੂਲ ਇਸਰਾਏਲੀਆਂ ਦੇ ਤਜ਼ਰਬੇ ਨੂੰ ਇੱਕ ਚੇਤਾਵਨੀ ਦੇ ਰੂਪ ਵਿਚ ਇਸਤੇਮਾਲ ਕਰ ਸਕਦਾ ਸੀ। **ਮਾੜੀਆਂ ਗੱਲਾਂ** ਵਿਚ ਉਨ੍ਹਾਂ ਦੀ ਮੂਰਤੀਪੂਜਾ ਅਤੇ ਪਰਮੇਸ਼ੁਰ ਦੀ ਅਣਆਗਿਆਕਾਰੀ ਦੇ ਨਤੀਜੇ ਦੋਵੇਂ ਚੀਜ਼ਾਂ ਸ਼ਾਮਲ ਸਨ।

**ਆਇਤ 7, 8.** ਪੌਲੁਸ ਨੇ ਪੁਰਾਣੇ ਨੇਮ ਦੀਆਂ ਘਟਨਾਵਾਂ ਦਾ ਇਸਤੇਮਾਲ ਇਸ ਲਈ ਕੀਤਾ ਕਿ ਉਹ ਮਸੀਹੀਆਂ ਦੀ ਇਹ ਸਮਝਣ ਵਿਚ ਮਦਦ ਕਰ ਸਕੇ ਕਿ ਬਪਤਿਸਮੇ ਅਤੇ ਪ੍ਰਭੂ ਭੋਜ ਦਾ ਕੀ ਮਹੱਤਵ ਹੈ।[3] ਪਰ, ਉਸ ਦੀ ਮੌਜੂਦਾ ਚਿੰਤਾ, ਆਪਣੇ ਪਾਠਕਾਂ ਦੀ ਮੂਰਤੀਪੂਜਾ ਦੇ ਖਤਰੇ ਨੂੰ ਸਮਝਣ ਵਿਚ ਮਦਦ ਕਰਨਾ ਸੀ (ਵੇਖੋ 8:1)। ਉਸ ਨੇ ਬੇਨਤੀ ਕੀਤੀ, **ਅਤੇ ਨਾ ਤੁਸੀਂ ਮੂਰਤੀਪੂਜਕ ਬਣੋ ਜਿਵੇਂ ਓਹਨਾਂ ਵਿੱਚੋਂ ਕਈਕੁ ਹੋਏ ਸਨ**। ਰਸੂਲ ਨੇ ਖੁਦ "ਮੂਰਤੀਪੂਜਕਾਂ" εἰδωλολάτραι (*ਆਈਡੋਲੋਲੋਟ੍ਰਾਇ*) ਅਤੇ ਮੂਰਤੀਆਂ ਨੂੰ ਚੜ੍ਹਾਏ ਜਾਣ ਵਾਲੇ ਪ੍ਰਸਾਦ εἰδωλόθυτον (*ਆਈਡੋਲੋਥੁਟੋਨ*; 10:19) ਜਾਂ ἱερόθυτον (*ਹਾਈਰੋਥੁਟੋਨ*; 10:28) ਦੇ ਵਿਚਕਾਰ ਫਰਕ ਕੀਤਾ। ਪਹਿਲਾ ਸ਼ਬਦ, ਭਾਵੇਂ ਇਸਰਾਏਲੀਆਂ ਦੀ ਪਛਾਣ ਕਰਵਾਉਂਦਾ ਹੋਵੇ ਜਾਂ ਕੁਰਿੰਥੀਆਂ ਦੀ, ਪਰ ਉਸ ਦਾ ਅਰਥ ਉਹ ਲੋਕ ਹਨ ਜੋ ਮੂਰਤੀਪੂਜਾ ਕਰਦੇ ਸਨ। ਦੂਸਰੇ ਦੋ ਸ਼ਬਦ ਉਨ੍ਹਾਂ ਜਾਨਵਰਾਂ ਦੇ ਮਾਸ ਨੂੰ

ਦਰਸਾਉਂਦੇ ਹਨ ਜੋ ਮੂਰਤੀਆਂ ਦੇ ਸਾਹਮਣੇ ਭੇਟ ਚੜ੍ਹਾਏ ਜਾਂਦੇ ਸਨ। ਇਨ੍ਹਾਂ ਸ਼ਬਦਾਂ ਦਾ ਇਹ ਅਰਥ ਨਹੀਂ ਹੈ ਕਿ ਇਹ ਮਾਸ ਉਸ ਧਾਰਮਿਕ ਸੇਵਾ ਦੇ ਕਾਰਨ ਭ੍ਰਿਸ਼ਟ ਹੋ ਗਿਆ ਸੀ ਜਿਸਦੇ ਲਈ ਇਸ ਦਾ ਇਸਤੇਮਾਲ ਕੀਤਾ ਗਿਆ ਸੀ। ਇਹ ਉਸ ਗੱਲ ਵੱਲ ਧਿਆਨ ਦਿਵਾਉਂਦਾ ਹੈ ਕਿ ਮਾਸ ਦੇ ਨਾਲ ਕੀ ਕੀਤਾ ਗਿਆ ਸੀ।

ਇਸਰਾਏਲੀਆਂ ਨੇ ਮੂਰਤੀਪੂਜਾ ਦੇ ਵਿਸ਼ੇ ਵਿਚ ਕੋਈ ਸ਼ੇਖੀ ਨਹੀਂ ਮਾਰੀ ਸੀ। ਉਹ **ਓਹ ਲੋਕ ਖਾਣ ਪੀਣ ਬੈਠੇ ਅਤੇ ਹੱਸਣ ਖੇਡਣ ਨੂੰ ਉੱਠੇ।** ਇਸ ਦੀ ਬਜਾਇ, ਕੁਰਿੰਥੀਆਂ ਦੇ ਲੋਕਾਂ ਨੇ ਮੂਰਤੀਪੂਜਾ ਅਤੇ ਉਸ ਕਿਰਿਆ ਦੇ ਵਿਚ ਜਿਸ ਦੇ ਦੁਆਰਾ ਉਹ ਮੂਰਤੀਆਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਸਨ ਬਹੁਤ ਚਲਾਕੀ ਦੇ ਨਾਲ ਫਰਕ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਤਰਕ ਦਿੱਤਾ ਕਿ ਸਿਰਫ ਉਹੀ ਲੋਕ ਮੂਰਤੀਪੂਜਕ ਹੋ ਸਕਦੇ ਸਨ ਜੋ ਮੂਰਤੀਆਂ ਵਿਚ ਵਿਸ਼ਵਾਸ ਰੱਖਦੇ ਸਨ। ਨਤੀਜੇ ਵਜੋਂ, ਉਨ੍ਹਾਂ ਨੇ ਬਦਲਾਅ ਦੀ ਕਿਸੇ ਵੀ ਲੋੜ ਦਾ ਖੰਡਨ ਕੀਤਾ। ਉਹ ਤੋਬਾ ਤੋਂ ਬਹੁਤ ਹੀ ਦੂਰ ਸਨ ਕਿਉਂਕਿ ਉਨ੍ਹਾਂ ਨੇ ਪਰਮੇਸ਼ੁਰ ਦੇ ਵਿਰੋਧ ਵਿਚ ਕਿਸੇ ਵੀ ਅਪਰਾਧ ਨੂੰ ਸਵੀਕਾਰ ਕਰਨ ਤੋਂ ਜਾਂ ਇਸ ਪਾਪ ਨੂੰ ਆਪਣੇ ਜੀਵਨਾਂ ਵਿਚੋਂ ਕੱਢਣ ਤੋਂ ਇਨਕਾਰ ਕਰ ਦਿੱਤਾ ਸੀ।

ਉਹ ਬੰਦ ਜਿਸ ਦੇ ਵਿਸ਼ੇ ਵਿਚ ਪੌਲੁਸ ਨੇ ਦ੍ਰਿਸ਼ਟਾਂਤ ਦਿੱਤਾ ਸੀ, ਕੂਚ 32:6, ਲੋਕਾਂ ਦੀ ਮੂਰਤੀਪੂਜਾ ਦੇ ਵਿਸ਼ੇ ਵਿਚ ਦੱਸਦੀ ਹੈ ਅਤੇ ਕਹਿੰਦੀ ਹੈ ਕਿ ਉਹ "ਖਾ ਪੀ ਕੇ ਬੈਠੇ ਅਰ ਹੱਸਣ ਖੇਲਣ ਨੂੰ ਉੱਠੇ।" ਮੂਰਤੀਪੂਜਾ ਅਤੇ ਵਿਭਚਾਰ ਇਕੱਠੇ ਹੁੰਦੇ ਸਨ, ਦੇਵਤੇ ਭਾਵੇਂ ਮਿਸਰੀ, ਭਾਵੇਂ ਕਨਾਨੀ, ਜਾਂ ਯੂਨਾਨੀ ਹੋਣ। ਮੋਆਬੀ, ਕਨਾਨੀ, ਅਮੋਰੀ, ਅਤੇ ਹੋਰ ਕਨਾਨੀ ਆਪਣੇ ਦੇਵਤਿਆਂ ਨੂੰ ਵੱਖਰੇ ਨਾਮ ਦਿੰਦੇ ਸਨ; ਪਰ ਨਾਵਾਂ ਦੇ ਇਲਾਵਾ, ਪ੍ਰਜਨਨ ਦੇ ਪੰਥ ਬੁਨਿਆਦੀ ਤੌਰ ਤੇ ਸਮਾਨ ਹੁੰਦੇ ਸੀ। ਇਸਰਾਏਲ ਦੇ ਆਸ-ਪਾਸ ਦੇ ਦੇਵਤੇ ਕੁਦਰਤ ਦੇ ਨਾਲ ਸੰਬੰਧ ਰੱਖਦੇ ਸਨ। ਝੂਠੇ ਦੇਵਤਿਆਂ ਨੂੰ ਨਾ ਸਿਰਫ ਮੀਂਹ ਪੈਣ ਅਤੇ ਬਿਜਲੀ ਡਿੱਗਣ ਦਾ ਕਾਰਨ ਹੀ ਕਿਹਾ ਗਿਆ ਸੀ; ਪਰ ਉਨ੍ਹਾਂ ਨੂੰ ਮੀਂਹ ਅਤੇ ਬਿਜਲੀ *ਹੋਣਾ* ਮੰਨਿਆ ਜਾਂਦਾ ਸੀ। ਫ਼ਸਲਾਂ ਦੀ ਕਟਾਈ ਅਤੇ ਭੇਡਾਂ-ਬੱਕਰੀਆਂ ਅਤੇ ਵੱਗਾਂ ਦੇ ਪ੍ਰਜਨਨ ਨੂੰ ਲੋਕਾਂ ਦੇ ਦੇਵਤਿਆਂ ਵਿਚਲੇ ਵਿਸ਼ਵਾਸਾਂ ਦੇ ਨਾਲ ਜੋੜ ਦਿੱਤਾ ਗਿਆ ਸੀ। ਯੂਨਾਨ ਦੇ ਸ਼ਹਿਰ ਕੁਰਿੰਥੁਸ ਵਿਚ ਵੀ ਉਸੇ ਤਰ੍ਹਾਂ ਵਿਭਚਾਰ ਅਤੇ ਮੂਰਤੀਪੂਜਾ ਇਕੱਠੇ ਚੱਲਦੇ ਸਨ, ਜਿਵੇਂ ਮਿਸਰ ਅਤੇ ਕਨਾਨ ਵਿਚ ਸਨ। ਇੱਥੋਂ ਤਕ ਕਿ ਜਦੋਂ ਮੂਸਾ ਬਿਵਸਥਾ ਪਰਾਪਤ ਕਰਨ ਦੇ ਲਈ ਪਹਾੜ ਦੇ ਉੱਤੇ ਸੀ ਤਾਂ ਕਿ ਇਸਰਾਏਲੀਆਂ ਨੂੰ ਇੱਕ ਪਵਿੱਤਰ ਕੌਮ ਦੇ ਰੂਪ ਵਿਚ ਨਿਸ਼ਾਨਬੱਧ ਕੀਤਾ ਜਾ ਸਕੇ, ਪਰ ਲੋਕਾਂ ਨੇ ਆਪਣੇ ਆਪ ਨੂੰ ਮੂਰਤੀਪੂਜਾ ਦੇ ਨਾਲ ਜੋੜਿਆ ਜਿਸ ਵਿਚ ਵਿਭਚਾਰ ਵੀ ਸ਼ਾਮਲ ਸੀ।

ਸੀਨਈ ਪਹਾੜ ਤੋਂ ਮੂਰਤੀਪੂਜਾ ਦੇ ਦ੍ਰਿਸ਼ ਤੋਂ ਅੱਗੇ ਵੱਧਦਿਆਂ ਹੋਇਆਂ ਰਸੂਲ ਵਿਸ਼ੇ ਨੂੰ ਥੋੜ੍ਹਾ ਜਿਹਾ ਬਦਲਦਾ ਹੋਇਆ, ਮਿਸਰ ਤੋਂ ਕੂਚ ਕਰਨ ਤੋਂ ਥੋੜੀ ਦੇਰ ਬਾਅਦ ਦੇ, ਮੋਆਬ ਵਿਚਲੇ ਮੂਰਤੀਪੂਜਾ ਦੇ ਦ੍ਰਿਸ਼ ਵੱਲ ਮੁੜਿਆ, ਜੋ ਜੰਗਲ ਵਿਚ ਉਨ੍ਹਾਂ ਦੇ ਭਟਕਣ ਦੇ ਅੰਤ ਦੇ ਨੇੜੇ – ਤੇੜੇ ਦਾ ਦ੍ਰਿਸ਼ ਸੀ (ਗਿਣਤੀ 25)। ਉਸ ਸਮੇਂ ਦੀ ਉਨ੍ਹਾਂ ਦੀ ਮੂਰਤੀਪੂਜਾ ਅਤੇ ਹਰਾਮਕਾਰੀ ਦੇ ਕਾਰਨ, ਪਰਮੇਸ਼ੁਰ ਨੇ ਇੱਕ ਮਹਾਂਮਾਰੀ ਨੂੰ ਘੱਲਿਆ। ਇਸਰਾਏਲ ਵਿਚ **ਇੱਕੋ ਦਿਨ ਵਿਚ** 23,000[4] ਲੋਕਾਂ ਦਾ ਨਾਸ ਹੋ ਗਿਆ ਸੀ।

**ਆਇਤ 9.** ਕੁਰਿੰਥੀਆਂ ਵਿਚਲੇ ਕੁਝ ਲੋਕ ਉਸੇ ਤਰ੍ਹਾਂ ਦੇ ਨਾਲ ਪ੍ਰਭੂ ਯਿਸੂ ਨੂੰ ਪਰਤਾ ਰਹੇ ਸਨ, ਜਿਵੇਂ ਇਸਰਾਏਲੀਆਂ ਨੇ ਉਜਾੜ ਵਿਚ **ਪ੍ਰਭੂ ਨੂੰ ਪਰਤਾਇਆ** ਸੀ। ਜਦੋਂ ਮਸੀਹੀ

ਲੋਕਾਂ ਨੇ ਇੱਕ ਮੂਰਤੀ ਦੇ ਮੰਦਰ ਵਿਚ ਮਾਸ ਖਾਧਾ, ਤਾਂ ਉਹ ਯਿਸੂ ਨੂੰ ਪਰਖ ਰਹੇ ਸਨ। ਜੰਗਲ ਵਿਚ ਪਰਤਾਉਣ ਵਾਲੇ ਦੇ ਸਾਹਮਣੇ, ਯਿਸੂ ਨੇ ਬਿਵਸਥਾ ਸਾਰ 6:16 ਦਾ ਹਵਾਲਾ ਦਿੱਤਾ: "ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਨਾ ਪਰਤਾ" (ਮੱਤੀ 4:7)। ਹਨਾਨਿਯਾ ਅਤੇ ਸਫ਼ੀਰਾ ਮਾਰੇ ਗਏ ਕਿਉਂਕਿ ਉਨ੍ਹਾਂ ਨੇ "ਪ੍ਰਭੂ ਦੇ ਆਤਮਾ ਦੇ ਪਰਤਾਉਣ ਲਈ ਏਕਾ ਕੀਤਾ" (ਰਸੂਲਾਂ ਦੇ ਕਰਤੱਬ 5:9)।

ਪੌਲੁਸ ਨੇ ਇਸਰਾਏਲ ਦੇ ਇਤਹਾਸ ਵਿਚ ਵਿਦਰੋਹ ਦੀਆਂ ਬਹੁਤ ਸਾਰੀਆਂ ਘਟਨਾਵਾਂ ਦਾ ਉਲੇਖ ਕੀਤਾ। ਸੀਨਈ ਵਿਚ, ਲੋਕ "ਹੱਸਣ ਖੇਲਣ ਨੂੰ ਉੱਠੇ" (ਕੂਚ 32:6)। ਪਓਰ ਦੇ ਬਆਲ ਵਿਖੇ, ਉਨ੍ਹਾਂ ਨੇ "ਹਰਾਮਕਾਰੀ . . . ਅਤੇ ਇੱਕੋ ਦਿਨ ਵਿੱਚ ਤੇਈ ਹਜ਼ਾਰ ਜਣਿਆਂ ਦੇ ਸੱਥਰ ਲੱਥੇ" (1 ਕੁਰਿੰਥੀਆਂ 10:8; ਵੇਖੋ ਗਿਣਤੀ 25:9)। ਇਸਰਾਏਲੀਆਂ ਦੇ ਘੱਟ ਵਿਸ਼ਵਾਸ ਨੇ ਕਈ ਵਾਰ ਵਿਦਰੋਹ ਦੇ ਕੰਮ ਕੀਤੇ। ਇਨ੍ਹਾਂ ਸਾਰੇ ਦੇ ਸਾਰੇ ਕੰਮਾਂ ਵਿਚ ਮੂਰਤੀਪੂਜਾ ਸ਼ਾਮਲ ਨਹੀਂ ਸੀ। ਅਰਾਦ ਦੇ ਕਨਾਨੀ ਰਾਜੇ ਦੀ ਹਾਰ ਤੋਂ ਬਾਅਦ, ਲੋਕਾਂ ਨੇ ਸ਼ਿਕਾਇਤ ਕੀਤੀ ਅਤੇ **ਸੱਪਾਂ ਤੋਂ ਨਾਸ ਹੋਏ** (ਵੇਖੋ ਗਿਣਤੀ 21:6)। ਬੇਸ਼ੱਕ, ਪੌਲੁਸ ਨੇ ਕੁਰਿੰਥੁਸ ਵਿਚਲੇ ਆਪਣੇ ਪਾਠਕਾਂ ਨੂੰ ਦਿਲ ਤੋਂ ਪਰਮੇਸ਼ੁਰ ਦੀ ਆਗਿਆਕਾਰੀ ਕਰਨ ਦੇ ਲਈ ਬੇਨਤੀ ਕੀਤੀ। ਉਸ ਨੂੰ ਪਰਤਾਉਣਾ ਤਬਾਹੀ ਨੂੰ ਸੱਦਾ ਦੇਣਾ ਹੁੰਦਾ ਸੀ।

**ਆਇਤ 10.** ਕੁਰਿੰਥੀਆਂ ਦੇ ਲੋਕਾਂ ਨੂੰ ਸਿਰਫ ਇਕੱਲੇ ਪਰਮੇਸ਼ੁਰ ਦੀ ਸੇਵਾ ਹੀ ਨਹੀਂ ਕਰਨੀ ਸੀ, ਸਗੋਂ ਉਸ ਦੇ ਵਿਰੁੱਧ **ਬੁੜ ਬੁੜ** ਵੀ ਨਹੀਂ ਕਰਨੀ ਸੀ। ਸ਼ਬਦ "ਬੁੜ ਬੁੜ" (γογγύζω, *ਗੌਂਗਜ਼ੋ*) 1 ਕੁਰਿੰਥੀਆਂ ਵਿਚ ਹੋਰ ਕਿਤੇ ਵੀ ਨਹੀਂ ਵਰਤਿਆ ਗਿਆ ਹੈ। ਉਜਾੜ ਵਿਚ ਇਸਰਾਏਲ ਦੀ ਵਿਸ਼ੇਸ਼ਤਾ ਬੇਹੱਦ ਬੁੜਬੁੜਾਉਣਾ ਸੀ (ਕੂਚ 15:24; ਗਿਣਤੀ 14:36;16:41)। ਕੀ ਸ਼ਿਕਾਇਤ ਕਰਨਾ ਅਜਿਹੀ ਭਿਆਨਕ ਆਦਤ ਹੈ? ਉਜਾੜ ਵਿਚ ਇਸਰਾਏਲ ਦੇ ਸਾਰੇ ਪਾਪਾਂ ਵਿਚੋਂ, ਇੰਝ ਜਾਪਦਾ ਹੈ ਕਿ ਵਿਆਖਿਆ ਕੀਤੇ ਪਾਪਾਂ ਦੀ ਸੂਚੀ ਵਿਚ ਇਹ ਪਾਪ ਘੱਟ ਪ੍ਰਮੁੱਖਤਾ ਵਾਲਾ ਹੈ। ਸ਼ਾਇਦ ਪੌਲੁਸ ਨੇ ਇਸ ਦਾ ਉਲੇਖ ਇਸ ਲਈ ਕੀਤਾ ਸੀ ਕਿਉਂਕਿ ਜੋ ਲੋਕ ਮੂਰਤੀਆਂ ਦੇ ਮੰਦਰਾਂ ਵਿਚੋਂ ਭੋਜਨ ਕਰਨਾ ਚਾਹੁੰਦੇ ਸਨ ਉਹ ਉਸ ਦੇ ਵਿਰੁੱਧ ਬੁੜ ਬੁੜ ਕਰਦੇ ਸਨ। ਇੱਕ ਹੋਰ ਸੰਭਾਵਨਾ ਇਹ ਹੈ ਕਿ ਉਸ ਨੇ ਕੁਰਿੰਥੁਸ ਵਿਚ ਕਲੀਸੀਆ ਦੇ ਵਿਚ ਮਤਭੇਦ ਦੇ ਵਿਸ਼ੇ ਵਿਚ ਸਧਾਰਣ ਬੁੜ ਬੁੜ ਦੀਆਂ ਖਬਰਾਂ ਸੁਣੀਆਂ ਸਨ।

ਉਹ ਲੋਕ ਜਿਨ੍ਹਾਂ ਨੇ ਉਜਾੜ ਵਿਚ ਬੁੜ ਬੁੜ ਕੀਤੀ ਸੀ, ਅਤੇ ਸ਼ਾਇਦ ਉਨ੍ਹਾਂ ਨੂੰ ਜਿਨ੍ਹਾਂ ਨੇ ਕੁਰਿੰਥੁਸ ਵਿਚ ਵੀ ਉਹੀ ਕੀਤਾ ਸੀ, ਚੇਤਾਵਨੀ ਦਿੱਤੀ ਗਈ ਸੀ ਕਿ ਉਹ **ਨਾਸ ਕਰਨ ਵਾਲੇ ਤੋਂ ਨਾਸ** ਹੋ ਸਕਦੇ ਸਨ। ਰਸੂਲ ਨੇ "ਨਾਸ ਕਰਨ ਵਾਲੇ" ਦੀ ਹੋਰ ਪਛਾਣ ਨਹੀਂ ਦਿੱਤੀ ਸੀ। ਮਿਸਰ ਦੇ ਉੱਤੇ ਦੱਸਵੀਂ ਬਵਾ ਆਉਣ ਤੋਂ ਪਹਿਲਾਂ, ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਆਪਣੇ ਦਰਵਾਜ਼ਿਆਂ ਦੀਆਂ ਚੁਗਾਠਾਂ ਅਤੇ ਸੇਰੂਆਂ ਤੇ ਖੂਨ ਲਾਉਣ ਦੇ ਲਈ ਕਿਹਾ ਸੀ। ਜਦੋਂ ਪਰਮੇਸ਼ੁਰ ਨੇ ਮਿਸਰੀਆਂ ਨੂੰ ਮਾਰਿਆ, ਤਾਂ ਉਸ ਨੇ ਉਨ੍ਹਾਂ ਘਰਾਂ ਦੇ ਉੱਤੇ "ਨਾਸ ਕਰਨ ਵਾਲੇ ਨੂੰ . . . ਨਾ ਆਉਣ ਦਿੱਤਾ" ਜਿਨ੍ਹਾਂ ਦੇ ਉੱਤੇ ਖੂਨ ਦਾ ਨਿਸ਼ਾਨ ਲੱਗਿਆ ਹੋਇਆ ਸੀ (ਕੂਚ 12:23)। "ਨਾਸ ਕਰਨ ਵਾਲਾ" ਮਿਸਰ ਵਿਚ ਪਰਮੇਸ਼ੁਰ ਦੇ ਨਿਆਂ ਦਾ ਚਿੱਤਰਣ ਜਾਪਦਾ ਹੈ। ਜ਼ਬੂਰ 78:49 ਵਿਚ ਮਿਸਰ ਦੇ ਉੱਤੇ ਪਰਮੇਸ਼ੁਰ ਦੇ ਫੈਸਲੇ ਦਾ ਜੋਸ਼ "ਬੁਰਿਆਈਆਂ ਦੇ ਦੂਤਾਂ" ਦੇ ਸਮਾਨ ਬਣਾਇਆ ਗਿਆ ਹੈ। ਪੌਲੁਸ ਨੇ "ਨਾਸ ਕਰਨ ਵਾਲੇ" ਨੂੰ ਪਰਮੇਸ਼ੁਰ ਤੋਂ ਵੱਖਰੀ ਇੱਕ ਇਕਾਈ ਦੇ ਰੂਪ ਵਿਚ ਨਹੀਂ ਵੇਖਿਆ ਹੈ; ਸ਼ਬਦ ਫਿਰ ਤੋਂ ਪਰਮੇਸ਼ੁਰ ਦੇ ਧਰਮੀ

ਕ੍ਰੋਧ ਦਾ ਪਰਗਟਾਵਾ ਜਾਪਦਾ ਹੈ, ਜੋ ਉਹ ਮੂਰਤੀਪੂਜਾ, ਹਰਾਮਕਾਰੀ, ਕੁੜਕੁੜਾਹਟ, ਅਤੇ ਵਿਦਰੋਹ ਦੇ ਵਿਰੁੱਧ ਵਹਾਉਣ ਦੇ ਲਈ ਤਿਆਰ ਸੀ।

**ਆਇਤ 11.** ਪੁਰਾਣਾ ਨੇਮ ਪਹਿਲੀ ਬਾਈਬਲ ਸੀ, ਅਤੇ ਯਹੂਦੀ ਮਸੀਹੀਆਂ ਦੇ ਦੁਆਰਾ ਗੈਰ-ਯਹੂਦੀ ਮਸੀਹੀਆਂ ਨੂੰ ਪੇਸ਼ ਕੀਤੀ ਗਈ ਸੀ। ਜਦੋਂ ਰਸੂਲ ਨੇ ਦੂਸਰੀ ਵਾਰ ਦੱਸਿਆ ਕਿ ਜੋ ਘਟਨਾਵਾਂ ਪੁਰਾਣੇ ਨੇਮ ਵਿਚ ਦਰਜ ਸਨ ਉਹ ਇੱਕ **ਨਸੀਹਤ** ਦੇ ਲਈ ਸਨ ਤਾਂ ਉਸ ਨੂੰ ਯਹੂਦੀਆਂ ਜਾਂ ਗੈਰ ਯਹੂਦੀਆਂ ਦੋਵਾਂ ਵੱਲੋਂ ਕਿਸੇ ਵੀ ਕਿਸਮ ਦੇ ਵਿਦਰੋਹ ਦੀ ਆਸ ਨਹੀਂ ਸੀ। ਉਸ ਨੇ ਕਿਹਾ ਕਿ ਇਹ ਘਟਨਾਵਾਂ ਮਸੀਹੀਆਂ ਦੇ ਲਈ ਇੱਕ **ਨਸੀਹਤ** ਦੇ ਰੂਪ ਵਿਚ ਦਰਜ ਕੀਤੀਆਂ ਗਈਆਂ ਹਨ (ਵੇਖੋ 10:6)।

ਯਿਸੂ ਦੇ ਆਉਣ ਤੱਕ, ਪੁਰਾਣਾ ਨੇਮ ਰਹੱਸ ਵਿਚ ਲੁਕਿਆ ਹੋਇਆ ਸੀ; ਪਰ ਹੁਣ, **ਜੁੱਗਾਂ ਦੇ ਅੰਤ** ਵਿਚ, ਕਲੀਸੀਆ ਪਰਮੇਸ਼ੁਰ ਦੇ ਪ੍ਰਕਾਸ਼ਣਾਂ ਦਾ ਪੂਰਾ ਪੂਰਾ ਲਾਭ ਉਠਾ ਸਕਦੀ ਹੈ। ਯਿਸੂ ਅਤੇ ਉਸ ਦੇ ਰਸੂਲਾਂ ਨੇ ਲਿਖਤਾਂ ਦੇ ਅਰਥ ਦੇ ਵਿਸ਼ੇ ਵਿਚ ਗਿਆਨ ਲਿਆਂਦਾ ਸੀ। ਪਰਮੇਸ਼ੁਰ ਦੀਆਂ ਬਰਕਤਾਂ ਦੀ ਸੰਪੂਰਣਤਾ ਕੁਰਿੰਥੀਆਂ ਦੀ ਕਲੀਸੀਆ ਦੇ ਉੱਤੇ ਸੀ। ਉਨ੍ਹਾਂ ਬਰਕਤਾਂ ਦੇ ਵਿਚ ਜਿਨ੍ਹਾਂ ਦਾ ਉਨ੍ਹਾਂ ਨੇ ਅਨੰਦ ਮਾਣਿਆ ਸੀ ਪਰਮੇਸ਼ੁਰ ਦੇ ਸਾਰੇ ਉਦੇਸ਼ਾਂ ਨੂੰ ਮਹਿਸੂਸ ਕੀਤਾ ਗਿਆ ਸੀ, ਅਤੇ ਉਹ ਬਰਕਤਾਂ ਮਹਾਨ ਜ਼ਿੰਮੇਵਾਰੀ ਦੇ ਨਾਲ ਆਈਆਂ ਸਨ।

> ਮਸੀਹ ਦੇ ਜੀ ਉੱਠਣ ਅਤੇ ਪਰਮੇਸ਼ੁਰ ਦੇ ਸੱਜੇ ਹੱਥ ਤੇ ਮੌਜੂਦਾ ਰਾਜ ਦੇ ਕਾਰਨ, ਪੌਲੁਸ ਨੇ ਪੁਸ਼ਟੀ ਕੀਤੀ ਕਿ ਮਸੀਹੀ ਲੋਕ ਮਨੁੱਖੀ ਇਤਹਾਸ ਦੇ ਆਖਰੀ ਸਮੇਂ ਵਿਚ ਜੀ ਰਹੇ ਹਨ, ਇੱਕ ਅਜਿਹਾ ਸਮਾਂ ਜਿਸ ਦੀਆਂ ਸੀਮਾਵਾਂ ਦਾ ਇੱਕ ਕਿਨਾਰਾ ਮਸੀਹ ਦੇ ਜੀ ਉੱਠਣ ਅਤੇ ਦੂਸਰਾ ਮਸੀਹ ਦੀ ਦੂਸਰੀ ਆਮਦ ਦੇ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ। ਮਨੁੱਖ ਜਾਤੀ ਦੇ ਨਾਲ ਪਰਮੇਸ਼ੁਰ ਦੇ ਸਾਰੇ ਵਿਹਾਰਾਂ ਤੋਂ ਬਾਅਦ ਹੁਣ ਤਕ, ਉਸ ਦੇ ਸਧਾਰਣ ਪ੍ਰਕਾਸ਼ਨ ਦੇ ਨਾਲ ਨਾਲ ਉਸ ਦੇ ਚੁਣੇ ਹੋਏ ਲੋਕਾਂ ਦੇ ਦੁਆਰਾ ਉਸ ਦੇ ਪ੍ਰਕਾਸ਼ਨ, ਉਸ ਜੁੱਗ ਵੱਲ ਇਸ਼ਾਰਾ ਕਰਦੇ ਹਨ ਜੋ ਮਸੀਹ ਦੇ ਰਾਜ ਦੇ ਨਾਲ ਸੰਬੰਧਤ ਹੈ, ਪੌਲੁਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸਾਰੀਆਂ ਪੂਰਵ ਲਿਖਤਾਂ ਦਾ ਅੰਤਿਮ ਉਦੇਸ਼ ਉਨ੍ਹਾਂ ਲੋਕਾਂ ਨੂੰ ਹਿਦਾਇਤ ਅਤੇ ਸਿੱਖਿਆ ਦੇਣਾ ਸੀ ਜੋ ਮਸੀਹ ਦੇ ਜੁੱਗ ਵਿਚ ਜੀਉਂਦੇ ਹਨ।[5]

**ਆਇਤ 12.** ਇਸ ਗੱਲ ਵਿਚ ਕੋਈ ਸ਼ੱਕ ਨਹੀਂ ਸੀ ਕਿ ਜਿਸ ਸਮੇਂ ਪੌਲੁਸ ਨੇ ਇਹ ਕਿਹਾ, **ਗੱਲ ਕਾਹਦੀ ਜੋ ਕੋਈ ਆਪਣੇ ਆਪ ਨੂੰ ਖਲੋਤਾ ਹੋਇਆ ਸਮਝਦਾ ਹੈ ਸੋ ਸੁਚੇਤ ਰਹੇ . . .** ਉਸ ਸਮੇਂ ਉਹ ਕੁਝ ਵਿਸ਼ਵਾਸੀਆਂ ਨੂੰ ਸੰਬੋਧਤ ਕਰ ਰਿਹਾ ਸੀ। ਭਾਵੇਂ ਸਾਰੇ ਮਸੀਹੀ ਸਵੈ-ਜਾਂਚ ਤੋਂ ਲਾਭ ਉਠਾ ਸਕਦੇ ਹਨ, ਆਪਣੇ ਉਪਦੇਸ਼ ਦੀ ਸ਼ੁਰੂਆਤ ਵਿਚ ਪੌਲੁਸ ਨੇ ਆਪਣੇ ਨਿਰੀਖਣ ਦੇ ਵਿਸ਼ੇ ਵਿਚ ਵਾਧਾ ਕੀਤਾ: "ਇਲਮ ਫੁਲਾਉਂਦਾ ਪਰ ਪ੍ਰੇਮ ਬਣਾਉਂਦਾ ਹੈ" (8:1)। ਉਹ ਲੋਕ ਜੋ ਮੰਨਦੇ ਹਨ ਕਿ ਮੂਰਤੀਆਂ ਦੇ ਵਿਸ਼ੇ ਵਿਚ ਉਨ੍ਹਾਂ ਦਾ ਗਿਆਨ ਉਨ੍ਹਾਂ ਨੂੰ ਮੂਰਤੀਆਂ ਦਿਆਂ ਸਮਾਰੋਹਾਂ ਦੇ ਵਿਚ ਸ਼ਾਮਲ ਹੋਣ ਦੇ ਯੋਗ ਬਣਾਉਂਦਾ ਹੈ (8:4)। ਉਨ੍ਹਾਂ ਲੋਕਾਂ ਨੂੰ ਇਸ ਚੇਤਾਵਨੀ ਦੀ ਲੋੜ ਸੀ ਕਿ ਉਨ੍ਹਾਂ ਦੇ ਲਈ ਕਿਰਪਾ ਤੋਂ ਡਿੱਗ ਜਾਣਾ ਸੰਭਵ ਹੈ (ਵੇਖੋ ਗਲਾਤੀਆਂ 5:4)। ਸ਼ਾਇਦ ਉਨ੍ਹਾਂ ਨੇ ਇਸ ਗੱਲ ਨੂੰ ਮੰਨ ਲਿਆ ਸੀ ਕਿ, ਉਹ ਬਪਤਿਸਮਾ ਲੈ ਚੁੱਕੇ ਹਨ ਅਤੇ ਨਿਰੰਤਰ ਪ੍ਰਭੂ ਭੋਜ ਵਿਚ ਹਿੱਸਾ ਲੈਂਦੇ ਸਨ, ਇਸ ਲਈ ਉਹ ਪਰਮੇਸ਼ੁਰ ਦੇ ਨਾਲ ਚੰਗੀ ਤਰ੍ਹਾਂ ਦੇ ਨਾਲ ਜੁੜੇ ਹੋਏ ਸਨ ਅਤੇ ਉਨ੍ਹਾਂ ਨੂੰ ਅਨੰਤ ਕਾਲ ਦੇ

ਲਈ ਸੁਰੱਖਿਆ ਦੀ ਗਰੰਟੀ ਦਿੱਤੀ ਗਈ ਸੀ। ਇਸ ਦੇ ਉਲਟ, ਪੌਲੁਸ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਇਸਰਾਏਲੀ "ਉਜਾੜ ਵਿਚ ਢਹਿ ਪਏ" ਸਨ (1 ਕੁਰਿੰਥੀਆਂ 10:5), ਭਾਵੇਂ ਉਨ੍ਹਾਂ ਨੇ ਪਰਮੇਸ਼ੁਰ ਕੋਲੋਂ ਮਿਲੀਆਂ ਤੁਲਨਾਤਮਕ ਬਰਕਤਾਂ ਦਾ ਅਨੁਭਵ ਕੀਤਾ ਸੀ। ਉਹ ਲੋਕ ਜੋ ਮੂਰਤੀਆਂ ਦੇ ਮੰਦਰਾਂ ਵਿਚਲੀਆਂ ਰਸਮਾਂ ਵਿਚ ਹਿੱਸਾ ਲੈਂਦੇ ਸਨ ਉਹ ਆਪਣੀ ਮੁਕਤੀ ਨੂੰ ਖਤਰੇ ਵਿਚ ਪਾ ਰਹੇ ਸਨ।

ਕੁਰਿੰਥੁਸ ਵਿਚਲੇ ਆਤਮ-ਵਿਸ਼ਵਾਸ ਵਾਲੇ ਬੁੱਧੀਮਾਨ ਲੋਕਾਂ ਨੂੰ ਇਸਰਾਏਲ ਦੀ ਮਿਸਾਲ ਦੇ ਕੇ ਪੇਸ਼ ਕੀਤੀ ਜਾਣ ਵਾਲੀ ਚੇਤਾਵਨੀ ਗੰਭੀਰਤਾ ਨਾਲ ਲੈਣੀ ਚਾਹੀਦੀ ਸੀ। ਉਨ੍ਹਾਂ ਨੂੰ ਬਿਨਾਂ ਨਿਰਾਸ਼ ਹੋਏ ਮੂਰਤੀਪੂਜਾ ਨੂੰ ਤਿਆਗਣਾ ਚਾਹੀਦਾ ਸੀ। ਉਹ ਸਮਾਨ ਰੀਤਿ ਦੇ ਸਰੀਰਕ ਪਰਤਾਵਿਆਂ ਦੇ ਨਾਲ ਜੱਦੋ ਜਹਿਦ ਕਰ ਰਹੇ ਸਨ ਜੋ ਹਮੇਸ਼ਾ ਮਨੁੱਖ ਜਾਤੀ ਨੂੰ ਦੁਖ ਦਿੰਦੇ ਆਏ ਹਨ। ਹੋਰਨਾਂ ਲੋਕਾਂ ਨੇ ਪਾਪਾਂ ਤੋਂ ਉੱਪਰ ਉੱਠ ਕੇ, ਪਰਮੇਸ਼ੁਰ ਦੀ ਕਿਰਪਾ ਦੇ ਨਾਲ, ਆਪਣੇ ਜੀਵਨਾਂ ਨੂੰ ਬਦਲ ਲਿਆ ਸੀ। ਇਸ ਲਈ ਕੁਰਿੰਥੀਆਂ ਦੇ ਲੋਕ ਵੀ ਕਰ ਸਕਦੇ ਸਨ। ਰਸੂਲ ਨੇ ਇਸ ਮਾਮਲੇ ਵਿਚ ਆਪਣੇ ਈਸ਼ੁਰੀ ਅਧਿਕਾਰ ਤੇ ਜ਼ੋਰ ਦਿੱਤਾ। ਪਰਮੇਸ਼ੁਰ ਉਸ ਦੇ ਦੁਆਰਾ ਬੋਲ ਰਿਹਾ ਸੀ (2:13)।

**ਆਇਤ 13.** ਬਾਅਦ ਵਿਚ ਮੂਸਾ ਨੇ ਸਪੱਸ਼ਟ ਤੌਰ ਤੇ ਇਸ ਗੱਲ ਨੂੰ ਸਮਝਾਇਆ ਕਿ ਉਜਾੜ ਵਿਚ ਪਰਮੇਸ਼ੁਰ ਉਨ੍ਹਾਂ ਨੂੰ ਪਰਖ ਰਿਹਾ ਸੀ (ਬਿਵਸਥਾ ਸਾਰ 8:2, 16)। ਇਸ ਪ੍ਰਕਿਰਿਆ ਦੇ ਦੌਰਾਨ, ਕੁਝ ਲੋਕ ਡਿੱਗ ਪਏ ਸਨ ਜਦਕਿ ਬਾਕੀ ਲੋਕ ਮਜ਼ਬੂਤ ਹੋ ਗਏ ਸਨ। ਕੁਰਿੰਥੁਸ ਦੇ ਲੋਕਾਂ ਨੂੰ ਇਸ ਭਰੋਸੇ ਦੀ ਲੋੜ ਸੀ ਕਿ ਪਰਮੇਸ਼ੁਰ ਦੀ ਪਰਖ ਉਨ੍ਹਾਂ ਦੇ ਸਹਿਣ ਤੋਂ ਬਾਹਰ ਨਹੀਂ ਹੋਵੇਗੀ; ਉਹ ਵਿਸ਼ਵਾਸ ਵਿਚ ਮਜ਼ਬੂਤ ਹੋ ਸਕਦੇ ਹਨ। ਪਰਤਾਵੇ ਬਹੁਤ ਗੰਭੀਰ ਹੋ ਸਕਦੇ ਹਨ, ਪਰ ਪਰਮੇਸ਼ੁਰ ਆਪਣੇ ਲੋਕਾਂ ਨੂੰ ਬਚਾਉਣ ਦੇ ਯੋਗ ਹੈ; ਉਹ **ਵਫ਼ਾਦਾਰ ਹੈ।** ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਜੋ ਕੁਰਿੰਥੁਸ ਵਿਚ ਸਨ ਪਿਆਰ ਕੀਤਾ, ਅਤੇ ਇਸ ਗੱਲ ਨੂੰ ਯਕੀਨੀ ਬਣਾ ਲਿਆ ਸੀ ਕਿ ਉਨ੍ਹਾਂ ਦੇ ਸਾਹਮਣੇ ਜੋ ਵੀ ਪਰਤਾਵਾ ਆਵੇਗਾ ਉਹ ਉਸ ਦਾ ਸਾਹਮਣਾ ਕਰਨ ਦੇ ਯੋਗ ਹੋਣਗੇ; ਉਹ ਵਿਸ਼ਵਾਸਯੋਗ ਮਸੀਹੀਆਂ ਨੂੰ ਹੱਦੋਂ ਬਾਹਰ ਪਰੀਖਿਆ ਵਿਚ ਪੈਣ ਨਹੀਂ ਦੇਵੇਗਾ। ਬੇਨ ਸਿਰਾਚ, ਇੱਕ ਯਹੂਦੀ ਬੁੱਧੀਜੀਵੀ ਜੋ ਮਸੀਹ ਦੇ ਜਨਮ ਤੋਂ ਦੋ ਸੋ ਸਾਲ ਪਹਿਲਾਂ ਹੋਇਆ ਸੀ, ਉਸ ਨੇ ਇਹ ਕਿਹਾ, "ਜੋ ਮਨੁੱਖ ਪਰਮੇਸ਼ੁਰ ਦਾ ਡਰ ਰੱਖਦਾ ਹੈ ਉਸ ਦੇ ਉੱਤੇ ਕੋਈ ਬੁਰਾਈ ਨਹੀਂ ਪਵੇਗੀ, ਪਰ ਉਸ ਨੂੰ ਪਰੀਖਿਆ ਦੇ ਵਿਚੋਂ ਬਾਰ ਬਾਰ ਛੁਡਾਇਆ ਜਾਵੇਗਾ।"[6]

## "ਮੂਰਤੀਪੂਜਾ ਤੋਂ ਭੱਜੋ" (10:14-22)

**[14]ਇਸ ਕਰਕੇ ਮੇਰੇ ਪਿਆਰਿਓ, ਤੁਸੀਂ ਮੂਰਤੀ ਪੂਜਾ ਤੋਂ ਭੱਜੋ। [15]ਮੈਂ ਤੁਹਾਨੂੰ ਬੁੱਧਵਾਨ ਸਮਝ ਕੇ ਤੁਹਾਡੇ ਨਾਲ ਬੋਲਦਾ ਹਾਂ। ਜੋ ਮੈਂ ਆਖਦਾ ਹਾਂ ਸੋ ਤੁਸੀਂ ਉਹ ਦੀ ਜਾਚ ਕਰੋ। [16]ਉਹ ਬਰਕਤ ਦਾ ਪਿਆਲਾ ਜਿਹ ਦੇ ਉੱਤੇ ਅਸੀਂ ਬਰਕਤ ਮੰਗਦੇ ਹਾਂ ਕੀ ਉਹ ਮਸੀਹ ਦੇ ਲਹੂ ਦੀ ਸਾਂਝ ਨਹੀਂ? ਉਹ ਰੋਟੀ ਜਿਹ ਨੂੰ ਅਸੀਂ ਤੋੜਦੇ ਹਾਂ ਕੀ ਉਹ ਮਸੀਹ ਦੇ ਸਰੀਰ ਦੀ ਸਾਂਝ ਨਹੀਂ? [17]ਰੋਟੀ ਇੱਕੋ ਹੈ ਇਸ ਲਈ ਅਸੀਂ ਜੋ ਬਾਹਲੇ ਹਾਂ ਸੋ ਰਲ ਕੇ ਇੱਕ ਸਰੀਰ ਹਾਂ ਕਿਉਂ ਜੋ ਅਸੀਂ ਸੱਭੇ ਇੱਕ ਰੋਟੀ ਵਿੱਚ ਸਾਂਝੀ ਹਾਂ। [18]ਤੁਸੀਂ ਓਹਨਾਂ ਵੱਲ ਧਿਆਨ ਕਰੋ ਜਿਹੜੇ ਸਰੀਰ ਦੇ ਸਰਬੰਧ ਕਰਕੇ ਇਸਰਾਏਲੀ ਹਨ। ਜੋ**

**ਬਲੀਦਾਨਾਂ ਦੇ ਖਾਣ ਵਾਲੇ ਹਨ ਕੀ ਓਹ ਜਗਵੇਦੀ ਦੇ ਸਾਂਝੀ ਨਹੀਂ? [19]ਸੋ ਮੈਂ ਕੀ ਆਖਦਾ ਹਾਂ? ਭਈ ਮੂਰਤੀ ਦੀ ਭੇਟ ਕੁਝ ਹੈ? ਅਥਵਾ ਮੂਰਤੀ ਕੁਝ ਹੈ? [20]ਮੈਂ ਸਗੋਂ ਇਹ ਆਖਦਾ ਹਾਂ ਭਈ ਜਿਹੜੀਆਂ ਵਸਤਾਂ ਪਰਾਈਆਂ ਕੌਮਾਂ ਚੜ੍ਹਾਉਂਦੀਆਂ ਹਨ ਸੋ ਭੂਤਾਂ ਲਈ ਚੜ੍ਹਾਉਂਦੀਆਂ ਹਨ, ਪਰਮੇਸ਼ੁਰ ਦੇ ਲਈ ਨਹੀਂ, ਅਤੇ ਮੈਂ ਨਹੀਂ ਚਾਹੁੰਦਾ ਜੋ ਤੁਸੀਂ ਭੂਤਾਂ ਦੇ ਸਾਂਝੀ ਬਣੋ! [21]ਤੁਸੀਂ ਪ੍ਰਭੂ ਦਾ ਪਿਆਲਾ, ਨਾਲੇ ਭੂਤਾਂ ਦਾ ਪਿਆਲਾ ਦੋਵੇਂ ਨਹੀਂ ਪੀ ਸੱਕਦੇ। ਤੁਸੀਂ ਪ੍ਰਭੂ ਦੀ ਮੇਜ਼, ਨਾਲੇ ਭੂਤਾਂ ਦੀ ਮੇਜ਼ ਦੋਹਾਂ ਦੇ ਸਾਂਝੀ ਨਹੀਂ ਹੋ ਸੱਕਦੇ। [22]ਅਥਵਾ ਕੀ ਅਸੀਂ ਪ੍ਰਭੂ ਨੂੰ ਅਣਖ ਦੁਆਉਂਦੇ ਹਾਂ? ਕੀ ਅਸੀਂ ਓਸ ਨਾਲੋਂ ਬਲੀ ਹਾਂ?**

ਪੌਲੁਸ ਦੇ 10:1-13 ਦੇ ਤਰਕ ਨੇ ਉਸ ਚਰਚਾ ਦੀ ਸਮਾਪਤੀ ਕਰ ਦਿੱਤੀ ਸੀ ਜੋ 8:1 ਵਿਚ ਸ਼ੁਰੂ ਹੋਈ ਸੀ। ਇਹ ਮਾਸ ਨਹੀਂ ਸੀ ਜਿਸ ਤੋਂ ਭੱਜਣ ਦੇ ਲਈ ਉਹ ਉਨ੍ਹਾਂ ਨੂੰ ਬੇਨਤੀ ਕਰ ਰਿਹਾ ਸੀ, ਪਰ ਇਹ ਮੂਰਤੀਪੂਜਾ ਸੀ (10:14)। ਹਾਲਾਂਕਿ ਪੌਲੁਸ ਨੇ ਆਪਣੇ ਪਾਠਕਾਂ ਨੂੰ "ਹੇ ਭਰਾਵੋ" ਕਹਿ ਕੇ ਸੰਬੋਧਤ ਕਰਦਾ ਹੈ, ਪਰ 10:14 ਵਿਚ ਉਸ ਨੇ ਹੋਰ ਵੀ ਪਿਆਰ ਭਰੇ ਵਾਕ "ਮੇਰੇ ਪਿਆਰਿਓ" ਦਾ ਇਸਤੇਮਾਲ ਕੀਤਾ। ਕਿਉਂਕਿ ਉਸ ਦਾ ਇਰਾਦਾ ਝਿੜਕਣਾ ਨਹੀਂ ਸੀ, ਸਗੋਂ ਆਪਣੇ ਨਾਲ ਦੇ ਮਸੀਹੀਆਂ ਦੀ ਅਗਵਾਈ ਕਰਨਾ ਅਤੇ ਉਨ੍ਹਾਂ ਨੂੰ ਤਾੜਣਾ ਸੀ।

**ਆਇਤ 14.** ਉਨ੍ਹਾਂ ਦੇ ਸਾਹਮਣੇ ਇਸਰਾਏਲ ਦੀ ਮਿਸਾਲ ਹੈ, ਉਨ੍ਹਾਂ ਲੋਕਾਂ ਦਾ ਜੋ ਕਲੀਸੀਆ ਵਿਚ ਸਨ ਮੂਰਤੀਪੂਜਾ ਦੇ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਮੂਰਤੀਆਂ ਦੇ ਸਾਹਮਣੇ ਚੜ੍ਹਾਏ ਗਏ ਮਾਸ ਨੂੰ ਖਾਣਾ ਪਾਪ ਦੇ ਨਾਲ ਇੱਕ ਇਸ਼ਕਬਾਜ਼ੀ ਸੀ; ਮੂਰਤੀ ਦੇ ਇੱਕ ਮੰਦਰ ਵਿਚ ਇਸ ਨੂੰ ਖਾਣਾ ਸਹਿਣ ਤੋਂ ਬਾਹਰ ਸੀ। ਮਸੀਹ ਦੇ ਲੋਕ ਆਪਣੇ ਆਪ ਨੂੰ ਮੂਰਤੀਪੂਜਾ ਵਰਗੀ ਕਿਸੇ ਵੀ ਚੀਜ਼ ਤੋਂ ਬਚਾ ਕੇ ਰੱਖਦੇ ਸਨ (ਵੇਖੋ 1 ਯੂਹੰਨਾ 5:21)। 1 ਕੁਰਿੰਥੀਆਂ 8 ਅਧਿਆਇ ਵਿਚ ਪੌਲੁਸ ਨੇ ਪਹਿਲਾਂ ਤੋਂ ਹੀ ਇਸ ਦੇ ਬੁਨਿਆਦੀ ਸੱਚਾਈ ਦੇ ਉੱਤੇ ਜ਼ੋਰ ਦਿੱਤਾ ਸੀ (ਅਤੇ 10:23-30 ਵਿਚ ਉਹ ਦੁਬਾਰਾ ਇਸ ਗੱਲ ਤੇ ਜ਼ੋਰ ਦੇਣ ਵਾਲਾ ਸੀ) ਕਿ ਪਰਮੇਸ਼ੁਰ ਸਿਰਫ ਇੱਕੋ ਹੀ ਹੈ। ਪਰਮੇਸ਼ੁਰ ਨੇ ਮੰਗ ਕੀਤੀ ਕਿ ਉਸ ਦੇ ਲੋਕ ਸਿਰਫ ਉਸੇ ਇਕੱਲੇ ਦੀ ਹੀ ਉਪਾਸਨਾ ਕਰਨ।

ਕਿਸੇ ਮੂਰਤੀ ਦੀ ਕਿਸੇ ਵੀ ਪਰਕਾਰ ਦੀ ਸੇਵਾ ਕਰਨ ਦਾ ਅਰਥ ਪਰਮੇਸ਼ੁਰ ਦੇ ਵੱਲੋਂ ਮੁੜ ਜਾਣਾ ਹੁੰਦਾ ਸੀ। **ਇਸ ਕਰਕੇ** ਉਹ ਇੱਕ ਮਜ਼ਬੂਤ ਸਬੰਧਕ ਦਾ ਅਨੁਵਾਦ ਕਰਦਾ ਹੈ। ਜੋ ਇਹ ਸੰਕੇਤ ਦਿੰਦਾ ਹੈ ਕਿ ਪੌਲੁਸ ਨੇ ਜੋ ਤਰਕ ਦਿੱਤਾ ਸੀ ਉਸ ਦੇ ਆਧਾਰ ਤੇ ਉਸ ਨੇ ਇੱਕ ਸਿੱਟਾ ਕੱਢਿਆ ਸੀ। ਇਸ ਸ਼ਬਦ ਦਾ ਸਹੀ ਅਰਥ ਇਸ ਵਾਕ "ਫਿਰ ਹਰ ਤਰੀਕੇ ਨਾਲ" (διόπερ, *ਡਾਇਓਪਰ*) ਦੇ ਦੁਆਰਾ ਪਰਾਪਤ ਕੀਤਾ ਜਾ ਸਕਦਾ ਹੈ। ਕੁਰਿੰਥੁਸ ਵਿਚਲੇ ਗਿਆਨੀ ਲੋਕਾਂ ਨੂੰ ਉਨ੍ਹਾਂ ਦੇ ਪ੍ਰਭਾਵ ਦੇ ਨਜ਼ਰੀਏ ਤੋਂ ਉਨ੍ਹਾਂ ਦੇ ਕੁਝ ਕੰਮਾਂ ਦੀ ਮੁਲਾਂਕਣ ਕਰਨ ਦੀ ਲੋੜ ਸੀ। ਮੂਰਤੀਪੂਜਾ ਦੇ ਸੰਬੰਧ ਵਿਚ, ਪੌਲੁਸ ਦੇ ਫੈਸਲੇ ਦਾ ਵਰਣਨ ਕੀਤਾ ਗਿਆ ਸੀ: **ਮੇਰੇ ਪਿਆਰਿਓ, ਤੁਸੀਂ ਮੂਰਤੀ ਪੂਜਾ ਤੋਂ ਭੱਜੋ।** ਉਜਾੜ ਵਿਚ ਭਟਕਣ ਤੋਂ ਲੈ ਕੇ ਕਨਾਨ ਦੇ ਬਹੁਤ ਸਾਰੇ ਪੰਥਾਂ ਤੱਕ, ਇਸਰਾਏਲੀਆਂ ਦੇ ਲਈ ਮੂਰਤੀਆਂ ਲਗਾਤਾਰ ਦੁੱਖ ਦਾ ਕਾਰਨ ਬਣੀਆਂ ਰਹੀਆਂ। ਪਰਮੇਸ਼ੁਰ ਕਦੀ ਵੀ ਆਪਣੀ ਮਹਿਮਾ ਨੂੰ ਇੱਕ ਮੂਰਤੀ ਦੇ ਨਾਲ ਸਾਂਝੀ ਨਹੀਂ ਕਰਦਾ। ਸਮਝੌਤੇ ਦਾ ਕੋਈ ਸਵਾਲ ਹੀ ਨਹੀਂ ਉੱਠਦਾ ਸੀ। ਮੂਰਤੀਆਂ ਸ਼ਕਤੀਹੀਣ ਦਸ਼ਾ ਵਿਚ ਆਪਣੇ ਅਧਾਰਾਂ ਤੇ ਟਿਕੀਆਂ ਹੋਈਆਂ ਹਨ। ਉਸ ਦੇ ਉਲਟ, ਜ਼ਬੂਰ

ਲਿਖਣ ਵਾਲੇ ਨੇ ਲਿਖਿਆ ਹੈ, "ਜੋ ਕੁਝ ਯਹੋਵਾਹ ਨੇ ਚਾਹਿਆ, ਉਹ ਨੇ ਅਕਾਸ਼ ਵਿੱਚ, ਧਰਤੀ ਵਿੱਚ, ਸਮੁੰਦਰਾਂ ਵਿੱਚ ਅਤੇ ਡੂੰਘਿਆਈਆਂ ਵਿੱਚ ਕੀਤਾ (ਜ਼ਬੂਰਾਂ ਦੀ ਪੋਥੀ 135:6)।" ਪੌਲੁਸ ਦੇ ਪਾਠਕਾਂ ਦੀ ਸਭ ਤੋਂ ਪਹਿਲੀ ਪ੍ਰਾਥਮਿਕਤਾ ਮੂਰਤੀਪੂਜਾ ਤੋਂ ਭੱਜਣਾ ਸੀ।

**ਆਇਤ 15.** ਇੱਕ ਬੁੱਧੀਮਾਨ ਸਿੱਖਿਅਕ ਦੇ ਰੂਪ ਵਿਚ, ਪੌਲੁਸ ਨੇ ਆਪਣੇ ਪਾਠਕਾਂ ਨੂੰ ਉਨ੍ਹਾਂ ਦੇ ਆਪਣੇ ਆਪ ਦੇ ਮਾਮਲਿਆਂ ਦੇ ਵਿਚੋਂ ਦੀ ਹੋ ਕੇ ਸੋਚਣ ਦੇ ਲਈ ਕਿਹਾ। ਉਸ ਨੇ ਚੁਨੌਤੀ ਦਿੱਤੀ, **ਜੋ ਮੈਂ ਆਖਦਾ ਹਾਂ ਤੁਸੀਂ ਉਸ ਦੀ ਜਾਚ ਕਰੋ।** ਰਸੂਲ ਨੇ ਕੁਰਿੰਥੀਆਂ ਦੇ ਲੋਕਾਂ ਨੂੰ ਬੁੱਧੀਮਾਨ ਲੋਕ ਕਿਹਾ, ਪਰ ਉਸ ਦੇ ਸ਼ਬਦਾਂ ਦੀ ਚੋਣ ਵਿਚ ਇੱਕ ਵਿਅੰਗ ਦੀ ਇੱਕ ਝਲਕ ਹੈ। ਉਸ ਨੇ ਉਨ੍ਹਾਂ ਨੂੰ **ਬੁੱਧਵਾਨ** ਕਿਹਾ (φρόνιμοι, *ਫ੍ਰੋਨੀਮੋਏ*, "ਸਮਝਦਾਰ ਲੋਕ"; NRSV; ESV)। ਇਸ ਪੱਤ੍ਰੀ ਵਿਚ ਇਹ ਸ਼ਬਦ ਸਿਰਫ ਚਾਰ ਵਾਰ ਆਇਆ ਹੈ।[7] ਹਰ ਮਾਮਲੇ ਵਿਚ, ਰਸੂਲ ਨੇ ਕੁਝ ਵਿਅੰਗ ਦੇ ਨਾਲ ਇਸ ਸ਼ਬਦ ਦੀ ਵਰਤੋਂ ਕੀਤੀ ਹੈ। ਇੰਝ ਜਾਪਦਾ ਹੈ, ਕਿ ਸਵੈ-ਦਾਵੀ ਬੁੱਧਵਾਨ, ਹਮੇਸ਼ਾ ਸਮਝਦਾਰ ਨਹੀਂ ਹੁੰਦਾ ਹੈ। ਉਹ ਸ਼ਬਦ ਜਿਸ ਦਾ ਅਰਥ ਆਮ ਤੌਰ ਤੇ "ਸਿਆਣੇ" (σοφός, *ਸੋਫੋਸ*) ਕੀਤਾ ਗਿਆ ਹੈ ਇਹ ਉਸ ਦੀਆਂ ਪੱਤ੍ਰੀਆਂ ਵਿਚ ਪੰਦਰਾਂ ਵਾਰ ਪਾਇਆ ਜਾਂਦਾ ਹੈ (1 ਕੁਰਿੰਥੀਆਂ ਵਿਚ 9 ਵਾਰ), ਕਦੀ ਕਦੀ ਇੱਕ ਸਕਾਰਾਤਮਕ ਅਰਥ ਵਿਚ ਅਤੇ ਕਈ ਵਾਰ ਨਹੀਂ।

ਪੌਲੁਸ ਆਪਣੇ ਪਾਠਕਾਂ ਦੇ ਉੱਤੇ ਭਰੋਸਾ ਕਰ ਰਿਹਾ ਸੀ ਕਿ ਜਦੋਂ ਉਸ ਦੀ ਪੱਤ੍ਰੀ ਕੁਰਿੰਥੁਸ ਦੀ ਕਲੀਸੀਆ ਦੇ ਵਿਚ ਪੜੀ ਜਾਵੇਗੀ ਤਾਂ ਉਹ ਆਪਣੀ ਸਮਝ ਦਾ ਇਸਤੇਮਾਲ ਕਰਨਗੇ। ਉੱਥੇ ਦਾ ਹਰ ਇੱਕ ਮਸੀਹੀ ਮੂਰਤੀਆਂ ਦੇ ਮੰਦਰਾਂ ਵਿਚਲੇ ਭੋਜਨ ਦੇ ਵੱਲ ਆਕਰਸ਼ਿਤ ਨਹੀਂ ਹੁੰਦਾ ਸੀ। ਗਰੀਬ ਕਾਮਿਆਂ ਜਾਂ ਦਾਸਾਂ ਨੇ ਇਨ੍ਹਾਂ ਭੋਜਨਾਂ ਵਿਚ ਸੇਵਾ ਕੀਤੀ ਹੋ ਸਕਦੀ ਹੈ, ਪਰ ਉਹ ਮੰਦਰ ਵਿਚਲੇ ਭੋਜਨ-ਸਥਾਨਾਂ ਤੇ ਨਹੀਂ ਬੈਠੇ ਸਨ ਅਤੇ ਨਾ ਹੀ ਉਨ੍ਹਾਂ ਦੇ ਦੇਵਤਿਆਂ ਦੀ ਪੂਜਾ ਵਿਚ ਸ਼ਾਮਲ ਹੋਏ ਸਨ। ਇਹ ਅਮੀਰ ਲੋਕਾਂ ਦਾ ਇੱਕ ਰਿਵਾਜ਼ ਸੀ। ਕੁਰਿੰਥੁਸ ਵਿਚ ਅਮੀਰ ਅਤੇ ਲੋੜਵੰਦਾਂ ਵਿਚਕਾਰ ਵਿਭਾਜਨ ਨੂੰ ਨਜ਼ਰਅੰਦਾਜ ਨਹੀਂ ਕੀਤਾ ਜਾ ਸਕਦਾ। ਕਲੀਸੀਆ ਵਿਚਲੇ ਜ਼ਿਆਦਾਤਰ ਖੁਸ਼ਹਾਲ ਮੈਂਬਰ ਸ਼ਾਇਦ ਯਹੂਦੀ ਪਿਛੋਕੜ ਵਾਲੇ ਵਪਾਰੀ ਸਨ, ਜਿਵੇਂ ਪੌਲੁਸ ਦਾ ਹਵਾਲਾ "ਪਿਉ ਦਾਦੇ" (10:1) ਸੰਕੇਤ ਦਿੰਦਾ ਹੈ।

**ਆਇਤ 16.** ਰਸੂਲ ਮੂਰਤੀਆਂ ਦੀਆਂ ਦਾਅਵਤਾਂ ਵਿਚ ਹਿੱਸਾ ਲੈਣ ਦੀ ਆਪਣੀ ਚਰਚਾ ਵਿਚ ਵਾਪਸ ਪਰਤਿਆ, ਜੋ ਅਧਿਆਇ 8 ਵਿਚ ਸ਼ੁਰੂ ਹੋਈ ਸੀ। ਉਸ ਨੇ ਇਸ ਗੱਲ ਨੂੰ ਮੰਨ ਲਿਆ ਕਿ ਸਿਰਫ ਮੂਰਤੀ ਨੂੰ ਚੜ੍ਹਾਏ ਗਏ ਮਾਸ ਨੂੰ ਖਾਣਾ ਪਰਮੇਸ਼ੁਰ ਦੇ ਵਿਰੁੱਧ ਕੋਈ ਪਾਪ ਨਹੀਂ ਸੀ (ਵੇਖੋ 8:8; 10:25); ਪਰ ਜਦੋਂ ਇੱਕ ਮੂਰਤੀ ਦੇ ਮੰਦਰ ਵਿਚ ਦੇਵਤੇ ਦੇ ਅੱਗੇ ਪੂਜਾ ਕਰਕੇ ਅਤੇ ਭੇਂਟ ਚੜ੍ਹਾ ਕੇ ਉਹ ਮਾਸ ਖਾਧਾ ਜਾਂਦਾ ਸੀ, ਤਾਂ ਉਹ ਮੂਰਤੀ ਪੂਜਾ ਦੇ ਸਮਾਨ ਹੁੰਦਾ ਸੀ। ਕੁਝ ਮਸੀਹੀਆਂ ਨੇ, ਇਹ ਸਮਝਦੇ ਹੋਏ ਕਿ ਮੂਰਤੀਆਂ ਕੁਝ ਵੀ ਨਹੀਂ ਸਨ, ਇਹ ਫ਼ੈਸਲਾ ਕੀਤਾ ਕਿ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਮੂਰਤੀ ਨੂੰ ਚੜ੍ਹਾਇਆ ਹੋਏ ਭੋਜਨ ਖਾਈਏ ਜਾਂ ਨਾ ਖਾਈਏ। ਪੌਲੁਸ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਝੂਠੇ ਧਰਮਾਂ ਵਿਚ ਕੋਈ ਵੀ ਸ਼ਮੂਲੀਅਤ ਇੰਨੀ ਅਸਾਨੀ ਦੇ ਨਾਲ ਖਾਰਿਜ ਨਹੀਂ ਕੀਤੀ ਜਾ ਸਕਦੀ ਹੈ। ਪ੍ਰਭੂ ਭੋਜ ਦੇ ਸਮੇਂ ਜਿਸ ਮੇਜ਼ ਵਿਚ ਮਸੀਹੀ ਲੋਕ ਹਿੱਸਾ ਲੈਂਦੇ ਹਨ ਉਸ ਨੇ ਉਸ ਮੇਜ਼ ਵੱਲ ਧਿਆਨ ਦੁਆਇਆ। **ਬਰਕਤ ਦੇ ਪਿਆਲੇ** ਵਿਚ ਹਿੱਸਾ ਲੈਣਾ **ਮਸੀਹ ਦੇ ਲਹੂ**

ਵਿਚ ਹਿੱਸਾ ਲੈਣਾ ਸੀ, ਅਤੇ **ਰੋਟੀ** ਤੋੜਨਾ ਉਸ ਦੀ ਯਾਦਗੀਰੀ ਵਿਚ ਉਸ ਦੇ **ਸਰੀਰ** ਵਿਚ ਸਾਂਝੀ ਹੋਣਾ ਸੀ (ਵੇਖੋ 11:24, 25)।

**ਸਾਂਝ** ਤੋਂ ("ਹਿੱਸਾ ਲੈਣਾ"; NIV) ਸਪੱਸ਼ਟ ਰੂਪ ਵਿਚ ਪੌਲੁਸ ਦਾ ਅਰਥ ਸੀ ਕਿ ਮਸੀਹੀ (1) ਉਨ੍ਹਾਂ ਬਰਕਤਾਂ ਵਿਚ ਸ਼ਾਮਲ ਹੁੰਦੇ ਹਨ ਜੋ ਮਸੀਹ ਦਿੰਦਾ ਹੈ, (2) ਆਪਣੇ ਪ੍ਰਭੂ ਵਿਚ ਆਪਣੇ ਵਿਸ਼ਵਾਸ ਅਤੇ ਸਲੀਬ ਉੱਤੇ ਉਸ ਦੀ ਮੌਤ ਦੀ ਪ੍ਰਭਾਵਸ਼ੀਲਤਾ ਦਾ ਇਕਰਾਰ ਕੀਤਾ, ਅਤੇ (3) ਸਰੀਰ ਵਿਚ ਆਪਣੇ ਭੈਣਾਂ ਅਤੇ ਭਰਾਵਾਂ ਦੇ ਨਾਲ ਇੱਕ ਆਮ ਇਕਬਾਲੀਆ ਬਿਆਨ ਦੀ ਪੁਸ਼ਟੀ ਕੀਤੀ। ਕਿਉਂਕਿ ਇਹ ਸਭ ਸੱਚ ਸੀ, ਕੀ ਇਸ ਦਾ ਅਰਥ ਇਹ ਨਹੀਂ ਸੀ ਕਿ ਇੱਕ ਮੂਰਤੀ ਦੇ ਮੰਦਰ ਵਿਚ ਹਿੱਸਾ ਲੈਣ ਦਾ ਅਰਥ ਸਿਰਫ ਇੱਕ ਮੂਰਤੀ ਦੇ ਮੰਦਰ ਵਿਚ ਭੋਜਨ ਕਰਨ ਤੋਂ ਵੱਧ ਕੇ ਸੀ? ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਪੌਲੁਸ ਨੇ ਮੂਰਤੀ ਦੇ ਮੰਦਰ ਵਿਚ ਖਾਣ ਦੇ ਵਿਰੁੱਧ ਇੰਨੇ ਕਠੋਰ ਬਿਆਨ ਦਿੱਤੇ ਸਨ (8:10-13)!

ਕੀ ਪੌਲੁਸ ਦੇ ਦੁਆਰਾ ਰੋਟੀ ਤੋਂ ਪਹਿਲਾਂ ਪਿਆਲੇ ਦਾ ਉਲੇਖ ਕਰਨ ਦਾ ਕੋਈ ਖਾਸ ਮਹੱਤਵ ਹੈ? ਸ਼ਾਇਦ ਅਜਿਹਾ ਨਹੀਂ ਹੈ, ਪਰ ਇਹ ਹੋ ਸਕਦਾ ਹੈ ਕਿ ਪੌਲੁਸ ਮੁੱਖ ਤੌਰ ਤੇ ਪਾਪਾਂ ਦੀ ਮਾਫ਼ੀ ਦੇ ਲਈ ਮਸੀਹ ਦੇ ਲਹੂ ਦੇ ਵਹਾਏ ਜਾਣ ਦੇ ਵਿਸ਼ੇ ਵਿਚ ਸੋਚ ਰਿਹਾ ਹੋਵੇ। ਲਹੂ ਦਾ ਚਿੱਤਰ ਸਪੱਸ਼ਟ ਹੈ, ਅਤੇ ਸ਼ਾਇਦ ਜਾਨਵਰ ਦੀ ਬਲੀ ਦੇ ਵਿਚਾਰ ਨੇ ਰਸੂਲ ਦੇ ਮਨ ਵਿਚ ਸਰੀਰ ਦੇ ਤੋੜਣ ਤੋਂ ਪਹਿਲਾਂ ਪਿਆਲੇ ਦੇ ਵਿਚਾਰ ਨੂੰ ਲਿਆਂਦਾ ਸੀ। ਪੌਲੁਸ ਦੀਆਂ 11:23-26 ਵਿਚਲੀਆਂ ਪ੍ਰਭੂ ਭੋਜ ਦੇ ਵਿਸ਼ੇ ਵਿਚ ਦਿੱਤੀਆਂ ਗਈਆਂ ਟਿੱਪਣੀਆਂ ਮੱਤੀ 26:26-35 ਜਾਂ ਮਰਕੁਸ 14:17-25 ਦੇ ਵਰਣਨਾਂ ਤੋਂ ਲੂਕਾ 22:14-20 ਵਿਚ ਦਿੱਤੇ ਗਏ ਵਰਣਨ ਦੇ ਵਧੇਰੇ ਨਜ਼ਦੀਕ ਹੈ। ਰਾਤ ਦੇ ਭੋਜਨ ਦੀ ਸਭਾ ਦੇ ਲੂਕਾ ਦੇ ਵਰਣਨ ਵਿਚ, ਯਿਸੂ ਨੇ ਪਿਆਲੇ ਦੇ ਵਿਸ਼ੇ ਵਿਚ ਪਹਿਲਾਂ ਬੋਲਿਆ ਸੀ (ਲੂਕਾ 22:17-19)। ਤਾਂ ਵੀ, ਰਸੂਲ ਪੂਰੀ ਘਟਨਾ ਦੇ ਮਨਾਏ ਜਾਣ ਦੇ ਵਿਸ਼ੇ ਵਿਚ ਸੋਚ ਰਿਹਾ ਸੀ; ਉਹ ਕ੍ਰਮ ਜਿਸ ਵਿਚ ਉਸ ਨੇ ਰੋਟੀ ਅਤੇ ਪਿਆਲੇ ਦੇ ਵਿਸ਼ੇ ਵਿਚ ਬੋਲਿਆ ਸੀ ਉਹ ਸ਼ਾਇਦ ਅਰਥਹੀਣ ਸੀ।

**ਆਇਤ 17.** ਪ੍ਰਭੂ ਭੋਜ ਵਿਚ ਹਿੱਸਾ ਲੈਣਾ ਵਿਸ਼ਵਾਸੀਆਂ ਨੂੰ ਇੱਕ ਦੂਸਰੇ ਦੇ ਨਾਲ ਅਤੇ ਪ੍ਰਭੂ ਦੇ ਨਾਲ ਏਕਤਾ ਵਿਚ ਜੋੜਦਾ ਹੈ। ਪੌਲੁਸ ਨੇ ਲਿਖਿਆ, **ਰੋਟੀ ਇੱਕੋ ਹੈ ਇਸ ਲਈ ਅਸੀਂ ਜੋ ਬਾਹਲੇ ਹਾਂ ਸੋ ਰਲ ਕੇ ਇੱਕ ਸਰੀਰ ਹਾਂ ਕਿਉਂ ਜੋ ਅਸੀਂ ਸੱਭੇ ਇੱਕੋ ਰੋਟੀ ਵਿੱਚ ਸਾਂਝੀ ਹਾਂ।** ਲਾਜ਼ਮੀ ਤੌਰ ਤੇ, ਕੀ ਇਹ ਪਾਲਣ ਨਹੀਂ ਕਰੇਗਾ ਕਿ ਇੱਕ ਮੂਰਤੀ ਦੇ ਨਾਲ ਸੰਬੰਧਤ ਭੋਜ ਵਿਚ ਹਿੱਸਾ ਲੈਣਾ ਵੀ ਹਿੱਸਾ ਲੈਣ ਵਾਲਿਆਂ ਨੂੰ ਇੱਕ ਦੂਸਰੇ ਦੇ ਨਾਲ ਅਤੇ ਮੂਰਤੀ ਦੇ ਨਾਲ ਨਹੀਂ ਇੱਕ ਨਹੀਂ ਕਰੇਗਾ?

ਅੱਗੇ, ਪੌਲੁਸ ਨੇ ਕਲੀਸੀਆ ਦੇ ਲਈ ਪ੍ਰਭੂ ਭੋਜ ਦੇ ਵਿਸ਼ੇ ਵਿਚ ਜਾਣਕਾਰੀ ਦਿੱਤੀ। ਰੋਟੀ ਅਤੇ ਪਿਆਲਾ ਯਾਦਗਾਰੀ ਦੇ ਲਈ ਹਨ, ਪਰ ਭੋਜਨ ਉਸ ਤੋਂ ਵੱਧ ਕੇ ਹੈ। ਇਹ ਸਹਿਭਾਗਿਤਾ ਅਤੇ ਸਮਾਗਮ ਵੀ ਹੈ। ਇੱਕਠੀ ਹੋਈ ਕਲੀਸੀਆ ਰੋਟੀ ਤੋੜਦੀ ਅਤੇ ਪਿਆਲੇ ਵਿਚੋਂ ਪੀਂਦੀ ਹੈ। ਵਿਅਕਤੀ ਉਸ ਸਮੇਂ ਹਿੱਸਾ ਲੈਂਦੇ ਹਨ ਜਦੋਂ ਉਹ ਉਨ੍ਹਾਂ ਲੋਕਾਂ ਦੇ ਸਰੀਰਕ ਜੀਵਨ ਵਿਚ ਹਿੱਸਾ ਲੈਂਦੇ ਹਨ ਜੋ ਇਕੋ ਵਿਸ਼ਵਾਸ ਦਾ ਇਕਰਾਰ ਕਰਦੇ ਹਨ।

ਜਦੋਂ ਰੋਟੀ ਦੇ ਤੋੜਣ ਅਤੇ ਪਿਆਲੇ ਵਿਚੋਂ ਪੀਣ ਦੇ ਦੁਆਰਾ ਮਸੀਹੀ ਲੋਕ ਸਿਰਫ ਇੱਕ ਸੰਸਕਾਰ ਜਾਂ ਰੀਤਿ ਦਾ ਪਾਲਣ ਕਰਦੇ ਹਨ ਤਾਂ ਉਹ ਆਪਣੇ ਜਨਮ ਸਿੱਧ ਅਧਿਕਾਰ ਨੂੰ ਗੁਆ ਲੈਂਦੇ ਹਨ। ਜੋ ਪ੍ਰਭੂ ਦੇ ਦਿਨ ਵਿਚ ਗਿਰਜੇ ਵਿਚ ਨਹੀਂ ਜਾਂਦਾ ਉਹ ਵਿਅਕਤੀ

ਭਿਆਨਕ ਆਤਮਿਕ ਨੁਕਸਾਨ ਦਾ ਅਨੁਭਵ ਕਰਦਾ ਹੈ। ਕਿਉਂਕਿ ਇਕੱਠੇ ਹੋਏ ਮਸੀਹੀਆਂ ਦੇ ਲਈ ਪ੍ਰਭੂ ਭੋਜ ਇੱਕ ਖਾਸ ਘਟਨਾ ਹੈ, ਪਰ ਜਦੋਂ ਸਰੀਰ ਦੇ ਅਲੱਗ ਹੋਣ ਦੀ ਹਾਲਤ ਵਿਚ ਰੋਟੀ ਤੋੜੀ ਜਾਂਦੀ ਹੈ।

**ਆਇਤ 18.** NASB ਦੇ ਅਨੁਵਾਦਕ ’Ισραὴλ κατὰ σάρκα (*ਇਸਰਾਇਲ ਕਾਟਾ ਸਰਕਾ,* ਸੱਚਮੁੱਚ, "ਮਾਸ ਦੇ ਅਨੁਸਾਰ ਇਸਰਾਏਲ") ਦਾ ਅਰਥ **ਇਸਰਾਏਲੀ** ਹੈ। ਜੇਕਰ ਇਹ ਸਹੀ ਹੈ, ਤਾਂ ਪੌਲੁਸ ਭੌਤਿਕ ਇਸਰਾਏਲ, ਇਤਹਾਸਿਕ ਇਸਰਾਏਲ ਅਤੇ ਆਤਮਿਕ ਇਸਰਾਏਲ, ਮਸੀਹ ਦੀ ਦੇਹੀ ਦੇ ਵਿਸ਼ੇ ਵਿਚ ਇੱਕ ਤੁਲਨਾ ਨੂੰ ਪੈਦਾ ਕਰ ਰਿਹਾ ਸੀ। ਉਹ ਲੋਕ ਜੋ ਮੂਸਾ ਦੀ ਸ਼ਰਾ ਦੇ ਅਧੀਨ ਰਹਿੰਦੇ ਸਨ ਜਾਜਕ **ਜਿਸ ਨੇ ਬਲੀਦਾਨਾਂ** ਨੂੰ [ਖਾਧਾ] ਅਤੇ ਉਹ **ਜਗਵੇਦੀ ਦੇ ਸਾਂਝੀ** ਸਨ। ਆਤਮਿਕ ਇਸਰਾਏਲ, ਕੁਰਿੰਥੁਸ ਅਤੇ ਹੋਰਨਾਂ ਸਥਾਨਾਂ ਦੀ ਕਲੀਸੀਆ, ਜਿਨ੍ਹਾਂ ਦੇ ਕੋਲ ਕੋਈ ਅਜਿਹੀ ਕੋਈ ਭੌਤਿਕ ਜਗਵੇਦੀ ਨਹੀਂ ਸੀ; ਪਰ ਪੌਲੁਸ ਅਜਿਹੇ ਮਸੀਹੀ ਚਾਹੁੰਦਾ ਸੀ ਜਿਨ੍ਹਾਂ ਦੀਆਂ ਜੜ੍ਹਾਂ ਯਹੂਦੀ ਧਰਮ ਵਿਚ ਸਨ, ਤਾਂਕਿ ਕੁਝ ਸੰਬੰਧ ਨੂੰ ਵੇਖ ਸਕੇ।

ਗਾਰਲੈਂਡ ਨੇ 10:1-11 ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਸ਼ਬਦ "ਸਰੀਰ ਦੇ ਸਰਬੰਧ ਕਰਕੇ" ਜੰਗਲ ਵਿਚ ਇਸਰਾਏਲ ਦੀ ਮੂਰਤੀਪੂਜਾ ਨਾਲ ਮੇਲ ਖਾਂਦਾ ਹੈ।[8] ਪਰ, ਉਨ੍ਹਾਂ ਦਾ ਜ਼ਿਕਰ "ਜਗਵੇਦੀ ਦੇ ਸਾਂਝੀ" ਵਿਸ਼ੇਸ਼ ਤੌਰ ਤੇ ਜੰਗਲ ਦੇ ਤਜ਼ਰਬਿਆਂ ਤੇ ਨਹੀਂ, ਸਗੋਂ ਆਮ ਤੌਰ ਤੇ ਯਹੂਦੀ ਧਰਮ ਤੇ ਲਾਗੂ ਹੁੰਦਾ ਸੀ। "ਸਰੀਰ ਦੇ ਸਰਬੰਧ ਕਰਕੇ" ਇਸਰਾਏਲ ਦੀ ਪੂਜਾ ਅਤੇ ਮੂਰਤੀਪੂਜਕਾਂ ਦੀ ਪੂਜਾ ਇਸੇ ਤਰ੍ਹਾਂ ਦੀ ਸੀ: ਕਿਉਂਕਿ ਦੋਵੇ, ਜੋ ਜਗਵੇਦੀ ਦੀ ਸੇਵਾ ਕਰਦੇ ਸਨ ਉਹ ਜਗਵੇਦੀ ਦੇ ਬਲੀਦਾਨਾਂ ਦੇ ਵਿਚ ਸਾਂਝੀ ਹੁੰਦੇ ਹਨ। ਪੁਜਾਰੀਆਂ ਅਤੇ ਜਾਜਕਾਂ ਦੇ ਦੁਆਰਾ ਖਾਧਾ ਜਾਣ ਵਾਲਾ ਮਾਸ ਅਸਧਾਰਣ ਤੌਰ ਤੇ ਦੇਵਤਿਆਂ ਨੂੰ ਭੇਂਟ ਕੀਤੀ ਭੇਂਟ ਦੇ ਨਾਲ ਜੋੜਿਆ ਗਿਆ ਸੀ।

**ਆਇਤ 19.** ਮੂਰਤੀਆਂ ਦੇ ਮੰਦਰਾਂ ਦੇ ਬਲੀਦਾਨਾਂ ਦੀ ਯਰੂਸ਼ਲਮ ਦੀ ਹੈਕਲ ਵਿਚ ਚੜ੍ਹਾਏ ਜਾਣ ਵਾਲੇ ਬਲੀਦਾਨਾਂ ਦੇ ਨਾਲ ਤੁਲਨਾ ਕਰਨ ਦੇ ਦੁਆਰਾ, ਪੌਲੁਸ ਦਾ ਇਹ ਮਤਲਬ ਨਹੀਂ ਸੀ ਕਿ ਉਹ ਮੂਰਤੀਪੂਜਾ ਦੇ ਉੱਤੇ ਕਿਸੇ ਵੀ ਕਿਸਮ ਦਾ ਭਰੋਸਾ ਕਰਨ। ਉਸ ਨੇ ਤੁਰੰਤ ਆਪਣੇ ਪਾਠਕਾਂ ਨੂੰ ਯਾਦ ਦਿਵਾਇਆ ਕਿ ਉਹ ਇਹ ਨਾ ਸੋਚਣ ਕਿ **ਮੂਰਤੀ ਦੀ ਭੇਟ ਕੁਝ ਹੈ** ਜਾਂ **ਮੂਰਤੀ** ਆਪਣੇ ਆਪ ਵਿਚ **ਕੁਝ ਹੈ** (ਵੇਖੋ 8:4)। ਮੂਰਤੀਪੂਜਕ ਪੁਜਾਰੀਆਂ ਦੀਆਂ ਆਪਣੇ ਦੇਵਤਿਆਂ ਦੀਆਂ ਜਗਵੇਦੀਆਂ ਤੇ ਕੀਤੀਆਂ ਜਾਣ ਵਾਲੀਆਂ ਪ੍ਰਥਾਵਾਂ ਵਿਚ ਯਹੂਦੀ ਜਾਜਕਾਂ ਦੀਆਂ ਪ੍ਰਥਾਵਾਂ ਵਿਚ ਕੁਝ ਬਾਹਰੀ ਸਮਾਨਤਾਵਾਂ ਹੋ ਸਕਦੀਆਂ ਹਨ, ਪਰ ਜਿਸ ਪਰਮੇਸ਼ੁਰ ਦੀ ਯਹੂਦੀਆਂ ਨੇ ਸੇਵਾ ਕੀਤੀ ਸੀ ਉਹ ਉਨ੍ਹਾਂ ਤੋਂ ਇਕਦਮ ਅਲੱਗ ਸੀ।

**ਆਇਤ 20.** ਇੱਕ ਮਾਇਨੇ ਵਿਚ, ਇੱਕ ਮੂਰਤੀ ਕੁਝ ਵੀ ਨਹੀਂ ਸੀ (8:4), ਕਿਉਂਕਿ ਮੂਰਤੀ ਵਿਚ ਆਪਣੀ ਕੋਈ ਸ਼ਕਤੀ ਨਹੀਂ ਹੁੰਦੀ ਹੈ। ਤਾਂ ਵੀ, ਪੌਲੁਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮੂਰਤੀ ਪੂਜਾ ਸ਼ਤਾਨੀ ਸੀ। ਉਸ ਨੇ ਮੂਰਤੀਆਂ ਦੀ ਤੁਲਨਾ ਭੂਤਾਂ ਦੇ ਨਾਲ ਨਹੀਂ ਕੀਤੀ ਸੀ; ਪਰ, ਉਸ ਨੇ ਮੂਰਤੀਆਂ ਨੂੰ ਸ਼ਤਾਨ ਦੀ ਪ੍ਰੇਰਣਾ ਦੇ ਨਾਲ ਇਸਤੇਮਾਲ ਕੀਤੀ ਜਾਣ ਵਾਲੀਆਂ ਦੇ ਰੂਪ ਵਿਚ ਮੂਰਤ ਰੂਪ ਦਿੱਤਾ ਹੈ, ਜਿਵੇਂ ਸੰਸਾਰ ਵਿਚਲੀਆਂ ਹੋਰ ਬੁਰੀਆਂ ਸ਼ਕਤੀਆਂ ਹੁੰਦੀਆਂ ਹਨ। ਉਸ ਤੋਂ ਵੱਧ ਕੇ ਹੋਰ ਕੁਝ ਵੀ ਨਹੀਂ ਕਰ ਸਕਦੀ ਜੋ ਮੀਕਾਯਾਹ ਨਬੀ ਨੇ ਨਬੀ ਸਿਦਕੀਯਾਹ ਅਤੇ ਹੋਰਨਾਂ ਦੇ ਸ਼ਬਦਾਂ ਉੱਤੇ ਦੋਸ਼ ਲਾਉਂਦਿਆਂ

ਹੋਇਆਂ ਕਿਹਾ ਸੀ ਜਿਨ੍ਹਾਂ ਨੂੰ ਪਰਮੇਸ਼ੁਰ ਦੁਆਰਾ ਭੇਜੇ ਗਏ ਇੱਕ "ਇੱਕ ਝੂਠਾ ਆਤਮਾ" ਨੇ ਭਰਮਾ ਲਿਆ ਸੀ (1 ਰਾਜਿਆਂ 22:22, 23)। ਘੱਟੋ ਘੱਟ ਜਿੱਥੋਂ ਤਕ "ਬੇਰੂਚ" (ਲਗਭਗ 175 ਈ. ਵੀ. ਪੂ.) ਦੇ ਨਾਮ ਦੇ ਨਾਲ ਜਾਣਿਆ ਜਾਣ ਵਾਲਾ ਐਪੋਕ੍ਰਿਫਲ (ਸ਼ੱਕੀ ਪ੍ਰਮਾਣਿਕਤਾ ਦੀ ਇੱਕ ਪ੍ਰਚਲਿਤ ਕਹਾਣੀ ਜਾਂ ਬਿਆਨ) ਕੰਮ ਸੀ, ਭੂਤਾਂ ਨੂੰ ਮੂਰਤੀਆਂ ਦੇ ਨਾਲ ਜੋੜਿਆ ਗਿਆ ਸੀ। ਲੇਖਕ ਬੇਰੂਚ ਨੇ ਦੋਸ਼ ਲਗਾਇਆ, "ਕਿਉਂਕਿ ਤੁਸੀਂ ਭੂਤਾਂ ਨੂੰ, ਜੋ ਪਰਮੇਸ਼ੁਰ ਨਹੀਂ ਹਨ ਬਲੀਦਾਨ ਚੜ੍ਹਾਉਣ ਦੇ ਦੁਆਰਾ ਆਪਣੇ ਰਚਨਹਾਰੇ ਦੇ ਕ੍ਰੋਧ ਨੂੰ ਭੜਕਾਇਆ।"[9] ਪੌਲੁਸ ਤੋਂ ਪਹਿਲਾਂ ਦੀ ਇੱਕ ਲੰਬੇ ਸਮੇਂ ਦੀਆਂ ਪਰੰਪਰਾਵਾਂ ਨੇ ਝੂਠੇ ਦੇਵਤਿਆਂ ਦੇ ਨਾਲ ਭੂਤਾਂ ਨੂੰ ਜੋੜ ਦਿੱਤਾ ਸੀ।

ਜੋ ਲੋਕ ਮੂਰਤੀਆਂ ਦੀ ਪੂਜਾ ਕਰਦੇ ਸਨ ਉਹ ਉਸ ਮੇਜ਼ ਵਿਚ ਹਿੱਸਾ ਲੈਂਦੇ ਸਨ ਜਿੱਥੇ ਸ਼ਤਾਨੀ ਸ਼ਕਤੀਆਂ ਸ਼ਾਸਨ ਕਰਦੀਆਂ ਸਨ। ਇੱਥੋਂ ਤਕ ਕਿ ਜਦੋਂ ਇਸਰਾਏਲੀ ਮੂਰਤੀਪੂਜਾ ਕਰ ਰਹੇ ਸਨ, ਤਾਂ ਵੀ ਉਹ ਇਸ ਵਿਸ਼ਵਾਸ ਨੂੰ ਮੰਨਦੇ ਸਨ ਕਿ ਇਸਰਾਏਲ ਦੇ ਪਰਮੇਸ਼ੁਰ ਤੋਂ ਇਲਾਵਾ ਕੋਈ ਵੀ ਹੋਰ ਦੇਵਤਾ ਸਿਰਫ ਇੱਕ ਗੈਰ-ਇਕਾਈ ਹੀ ਹੈ। ਜ਼ਬੂਰ ਲਿਖਣ ਵਾਲੇ ਨੇ ਲਿਖਿਆ, "ਉਨ੍ਹਾਂ ਦੇ ਬੁੱਤ . . . ਇਨਸਾਨ ਦੇ ਹੱਥਾਂ ਦੀ ਬਨਾਵਟ ਹਨ" (ਜ਼ਬੂਰਾਂ ਦੀ ਪੋਥੀ 115:4)। ਪਰਮੇਸ਼ੁਰ ਦੇ ਲੋਕ ਜਾਣਦੇ ਹਨ ਕਿ ਉਹ ਸਿਰਫ ਮੂਰਤੀਆਂ ਹੀ ਹਨ "ਓਹ ਨਹੀਂ ਜਾਣਦੇ, ਓਹ ਨਹੀਂ ਸਮਝਦੇ, . . . ਅੱਖਾਂ ਨੂੰ ਵੇਖਣ ਤੋਂ ਅਤੇ . . . ਸਮਝਣ ਤੋਂ . . ." (ਯਸਾਯਾਹ 44:18-20)। ਪੌਲੁਸ ਨੇ ਤਰਕ ਦਿੱਤਾ ਕਿ ਇੱਕ ਅਸਲੀ ਇਕਾਈ ਨੂੰ ਮੂਰਤੀਪੂਜਕ ਬਲੀਦਾਨਾਂ ਅਤੇ ਰੀਤਿ-ਰਿਵਾਜ਼ਾਂ ਦੇ ਵਿਚ ਸਨਮਾਨਿਕ ਕੀਤਾ ਜਾ ਰਿਹਾ ਹੈ, ਕਿਉਂਕਿ ਮੂਰਤੀਆਂ ਪਰਮੇਸ਼ੁਰ ਦਾ ਵਿਰੋਧ ਕਰਨ ਵਾਲੀਆਂ ਆਤਮਿਕ ਤਾਕਤਾਂ ਦੇ ਲਈ ਖੜੀਆਂ ਸਨ। ਮੂਰਤੀਆਂ ਬੁੱਤ ਪੂਜਕਾਂ ਦੇ ਦੁਆਰਾ ਸ਼ਤਾਨ ਦੇ ਪ੍ਰਤਿ ਸਮਰਪਣ ਦਾ ਇੱਕ ਦ੍ਰਿਸ਼ ਪ੍ਰਮਾਣ ਸਨ। ਗਾਰਲੈਂਡ ਦੇ ਅਨੁਸਾਰ, "ਭਾਵੇਂ ਪੌਲੁਸ ਦੀ ਦਲੀਲ ਇਹ ਮੰਨਦੀ ਹੈ ਕਿ ਮੂਰਤੀਆਂ ਸਿਰਫ ਬੇਜਾਨ ਸਮੱਗਰੀ ਤੋਂ ਬਣੀਆਂ ਮੂਕ ਵਸਤੂਆਂ ਹਨ, ਤਾਂ ਵੀ ਇੱਕ ਸੱਚਾਈ ਨੂੰ ਦਰਸਾਉਂਦੇ ਹਨ, ਭਾਵੇਂ ਉਹ ਇੱਕ ਮੂਲ ਪ੍ਰਣਾਲੀ ਹੈ, ਜੋ ਸਿੱਧਾ ਪਰਮੇਸ਼ੁਰ ਦਾ ਮੁਕਾਬਲਾ ਕਰਦੀ ਹੈ।"[10]

ਜਦੋਂ ਇੱਕ ਮਸੀਹੀ ਇੱਕ ਮੂਰਤੀ ਨੂੰ ਸਮਰਪਿਤ ਇੱਕ ਮੰਦਰ ਵਿਚ ਬੈਠ ਕੇ, ਉਹ ਮਾਸ ਖਾਂਦਾ ਸੀ ਜੋ ਮੂਰਤੀ ਨੂੰ ਚੜ੍ਹਾਇਆ ਗਿਆ ਸੀ ਅਤੇ ਉਸ ਦੇਵਤੇ ਦਾ ਨਾਮ ਬੋਲਣ ਦੇ ਦੁਆਰਾ ਉਸ ਦੀ ਮੌਜੂਦਗੀ ਦੀ ਸਹਿਮਤੀ ਨੂੰ ਪਰਗਟ ਕਰਦਾ ਸੀ, ਉਸ ਹੱਦ ਤਕ ਉਹ ਉਸ ਸ਼ਤਾਨੀ ਸ਼ਕਤੀ ਦੇ ਨਾਲ ਹਿੱਸੇਦਾਰ ਹੁੰਦਾ ਸੀ। ਕੋਈ ਮਾਨਸਿਕ ਰੋਕ ਜਾਂ ਉੱਚਤਮ ਗਿਆਨ ਦੀ ਜਾਣਕਾਰੀ ਉਸ ਨੂੰ ਬਦਲ ਨਹੀਂ ਸਕਦੀ ਜੋ ਉਹ ਕਰ ਰਿਹਾ ਸੀ। ਪੌਲੁਸ ਦੇ ਸ਼ਬਦ ਨਿਸ਼ਚਤ ਸਨ। ਉਹ ਚੜ੍ਹਾਵੇ **ਪਰਾਈਆਂ ਕੌਮਾਂ ਚੜ੍ਹਾਉਂਦੀਆਂ ਹਨ ਸੋ ਭੂਤਾਂ ਲਈ ਚੜ੍ਹਾਉਂਦੀਆਂ ਹਨ, ਪਰਮੇਸ਼ੁਰ ਲਈ ਨਹੀਂ**। ਜਿਨ੍ਹਾਂ ਲੋਕਾਂ ਨੇ ਆਪਣੇ ਆਪ ਨੂੰ ਗੈਰ ਕੌਮਾਂ ਦੀਆਂ ਅਜਿਹੀਆਂ ਵਿਧੀਆਂ ਵਿਚ ਸ਼ਾਮਲ ਕੀਤਾ ਸੀ ਉਹ ਉਨ੍ਹਾਂ ਦੇ ਨਾਲ ਭਾਗੀ ਹੋ ਗਏ ਸਨ। ਪੌਲੁਸ ਨੇ ਅੱਗੇ ਕਿਹਾ, **ਮੈਂ ਨਹੀਂ ਚਾਹੁੰਦਾ ਜੋ ਤੁਸੀਂ ਭੂਤਾਂ ਦੇ ਸਾਂਝੀ ਬਣੋ**! ਪੌਲੁਸ ਦੇ ਵਾਂਗ, ਯੂਹੰਨਾ ਨੇ ਮੂਰਤੀਪੂਜਕ ਸੰਸਾਰ ਦੇ ਲੋਕਾਂ ਨੂੰ ਦੋਸ਼ੀ ਠਹਿਰਾਇਆ ਕਿਉਂਕਿ ਉਨ੍ਹਾਂ ਨੇ "ਆਪਣੇ ਹੱਥਾਂ ਦੇ ਕੰਮਾਂ ਤੋਂ ਤੋਬਾ ਨਾ ਕੀਤੀ ਭਈ ਓਹ ਭੂਤਾਂ ਦੀ ਅਤੇ ਸੋਨੇ, ਚਾਂਦੀ, ਪਿੱਤਲ, ਪੱਥਰ ਅਤੇ ਕਾਠ ਦੀਆਂ ਮੂਰਤੀਆਂ ਦੀ ਪੂਜਾ ਨਾ ਕਰਨ ਜਿਹੜੀਆਂ ਨਾ ਵੇਖ, ਨਾ ਸੁਣ, ਨਾ ਤੁਰ ਸੱਕਦੀਆਂ ਹਨ" (ਪਰਕਾਸ਼ ਦੀ ਪੋਥੀ 9:20)।

**ਆਇਤ 21.** ਕਾਫੀ ਸੋਚ ਵਿਚਾਰ ਕਰਨ ਤੋਂ ਬਾਅਦ, ਪੌਲੁਸ ਨੇ ਇੱਕ ਫੈਸਲੇ ਦੇ ਨਾਲ ਮਾਮਲੇ ਨੂੰ ਸਮਾਪਤ ਕਰ ਦਿੱਤਾ: ਕਿ ਇੱਕ ਵਿਅਕਤੀ ਨੂੰ ਪ੍ਰਭੂ ਭੋਜ ਦੇ ਦੁਆਰਾ ਮਸੀਹ ਦੇ ਨਾਲ ਹਿੱਸਾ ਲੈਣ ਅਤੇ ਦੁਸ਼ਟਾਤਮਾਵਾਂ ਦੁਆਰਾ ਪ੍ਰੇਰਿਤ ਪੂਜਾ ਵਿਚ ਹਿੱਸਾ ਲੈਣ ਦੇ ਵਿਚੋਂ ਇੱਕ ਨੂੰ ਚੁਣਨਾ ਪਵੇਗਾ। ਇਹ ਫ਼ੈਸਲਾ ਸਪੱਸ਼ਟ ਅਤੇ ਨਿਰਣਾਇਕ ਸੀ। ਕੋਈ ਸਮਝੌਤਾ ਕਰ ਸਕਣਾ ਅਸੰਭਵ ਸੀ: **ਤੁਸੀਂ ਪ੍ਰਭੂ ਦਾ ਪਿਆਲਾ, ਨਾਲੇ ਭੂਤਾਂ ਦਾ ਪਿਆਲਾ ਦੋਵੇਂ ਨਹੀਂ ਪੀ ਸੱਕਦੇ।**

ਸਾਡੇ "ਪਿਉ ਦਾਦੇ" ਜੋ ਬੱਦਲ ਦੇ ਹੇਠ ਸਨ ਉਨ੍ਹਾਂ ਨੂੰ ਪੌਲੁਸ ਦੀ ਅਪੀਲ (10:1) ਅਤੇ ਜੰਗਲ ਵਿਚ ਇਸਰਾਏਲੀਆਂ ਦੀ ਉਦਾਹਰਣ (10:7-10) ਸੁਝਾਅ ਦਿੰਦੀਆਂ ਹਨ ਕਿ ਜੋ ਯਹੂਦੀ ਮਸੀਹ ਵਿਚ ਆ ਗਏ ਸਨ ਉਨ੍ਹਾਂ ਲਈ ਆਰਥਿਕ ਲੋੜ ਦੇ ਰੂਪ ਵਿਚ ਮੂਰਤੀਆਂ ਦੇ ਮੰਦਰ ਵਿਚ ਭੋਜਨ ਖਾਣਾ ਤਰਕਸੰਗਤ ਬਣਾਇਆ ਗਿਆ ਸੀ। ਯਹੂਦੀ ਹੋਣ ਦੇ ਨਾਤੇ ਉਹ ਸਦਾ ਇਸ ਗੱਲ ਤੋਂ ਜਾਣੂ ਸਨ ਕਿ ਮੂਰਤੀਆਂ ਕੁਝ ਵੀ ਨਹੀਂ ਸਨ। ਜਦੋਂ ਉਹ ਮਸੀਹੀ ਬਣ ਗਏ, ਤਾਂ ਵੀ ਕੁਝ ਵੀ ਨਹੀਂ ਬਦਲਿਆ ਸੀ। ਉਨ੍ਹਾਂ ਨੇ ਤਰਕ ਦਿੱਤਾ ਕਿ, ਰੋਜ਼ੀ ਰੋਟੀ ਕਮਾਉਣ ਦੇ ਲਈ, ਉਨ੍ਹਾਂ ਨੂੰ ਕੁਰਿੰਥੁਸ ਦੀ ਵਪਾਰਕ ਮੰਡਲੀ ਵਿਚ ਸਰਗਰਮੀ ਦੇ ਨਾਲ ਭਾਗੀਦਾਰ ਹੋਣ ਦੀ ਲੋੜ ਸੀ। ਅਰਥਾਤ, ਇਸ ਤੋਂ ਇਲਾਵਾ, ਮੰਦਰ ਦੇ ਰਾਤ ਦੇ ਭੋਜਨ ਵਿਚ ਉਨ੍ਹਾਂ ਦੇ ਮੌਜੂਦ ਹੋਣ ਦੀ ਲੋੜ ਹੁੰਦੀ ਹੈ, ਜਿੱਥੇ ਵਪਾਰਕ ਮੰਡਲੀ ਦੇ ਦੁਆਰਾ ਚਰਚਾ ਕੀਤੀ ਜਾਂਦੀ ਸੀ ਅਤੇ ਕਾਰਵਾਈਆਂ ਨੂੰ ਗਤੀਸ਼ੀਲ ਕੀਤਾ ਜਾਂਦਾ ਸੀ।

ਜੇਕਰ ਇਹ ਸੱਚ ਹੈ ਕਿ ਕੁਰਿੰਥੁਸ ਦੀ ਕਲੀਸੀਆ ਨੇ ਵੱਖ ਵੱਖ ਸਮਾਜਿਕ ਆਰਥਿਕ ਰੁਤਬਿਆਂ ਵਾਲੇ ਲੋਕਾਂ ਦੇ ਇੱਕ ਕਰਾਸ ਸੈਕਸ਼ਨ ਤੋਂ ਆਪਣੀ ਸੰਖਿਆ ਕੱਢੀ ਹੈ, ਤਾਂ ਮੂਰਤੀਆਂ ਨੂੰ ਚੜ੍ਹਾਏ ਗਏ ਮਾਸ ਨੂੰ ਇੱਕ ਰਸਮ ਦੇ ਤੌਰ ਤੇ ਖਾਣ ਦੇ ਵਿਸ਼ੇ ਵਿਚ ਨੀਵੀਂਆਂ ਸਥਿਤੀਆਂ ਵਾਲੇ ਲੋਕਾਂ ਦੀ ਤੁਲਨਾ ਵਿਚ ਉੱਚੇ ਰੁਤਬੇ ਵਾਲੇ ਲੋਕਾਂ ਦੀ ਆਰਥਿਕ ਪ੍ਰੇਰਣਾ ਵਧੀਕ ਹੁੰਦੀ ਸੀ, ਵੇਨੀ ਏ. ਮੀਕਸ ਨੇ ਦੇਖਿਆ,

> ਜੇਕਰ "ਮੂਰਤੀਆਂ ਨੂੰ ਚੜ੍ਹਾਏ ਗਏ ਮਾਸ" ਤੇ ਪਾਬੰਦੀ ਲਗਾਈ ਜਾਣੀ ਸੀ ਤਾਂ ਇਹ ਵਧੇਰੇ ਅਮੀਰ ਮੈਂਬਰ ਸਨ, "ਮਜ਼ਬੂਤ ਲੋਕ" ਸਨ, ਜਿਨ੍ਹਾਂ ਦੇ ਵਪਾਰਕ ਅਤੇ ਸਮਾਜਿਕ ਸੰਬੰਧਾਂ ਨੂੰ ਤੇਜ਼ੀ ਦੇ ਨਾਲ ਘਟਾਇਆ ਜਾਣਾ ਸੀ; ਪਰ ਗਰੀਬ ਵਰਗ ਦੇ ਉੱਤੇ ਬਹੁਤ ਹੀ ਘੱਟ ਅਸਰ ਪੈਣਾ ਸੀ। ਇਸ ਤੋਂ ਇਲਾਵਾ, ਗਰੀਬ ਲੋਕ ਬਹੁਤ ਹੀ ਘੱਟ ਵਾਰ ਮਾਸ ਖਾਂਦੇ ਸਨ ਕਿ ਉਹ ਇਸ ਨੂੰ ਸੰਸਕ੍ਰਿਤਿਕ ਮੌਕਿਆਂ ਅਤੇ ਸਥਿਤੀਆਂ ਦੇ ਨਾਲ ਜੋੜਦੇ ਸਨ।[11]

"ਵਧੇਰੇ ਅਮੀਰ" ਯਹੂਦੀ ਜਿਵੇਂ ਕਰਿਸਪੁਸ (ਰਸੂਲਾਂ ਦੇ ਕਰਤੱਬ 18:8) ਅਤੇ ਸੋਸਥਨੇਸ (ਰਸੂਲਾਂ ਦੇ ਕਰਤੱਬ 18:17; 1 ਕੁਰਿੰਥੀਆਂ 1:1) ਨੂੰ ਜਦੋਂ ਉਹ ਯਹੂਦੀ ਧਰਮ ਦੀ ਸਖਤੀ ਦੀ ਤੁਲਨਾ ਵਿਚ ਮਸੀਹੀ ਸੰਦੇਸ਼ ਦੇ ਨਾਲ ਕਰਨਗੇ ਤਾਂ ਸ਼ਾਇਦ ਉਨ੍ਹਾਂ ਨੂੰ ਮਸੀਹੀ ਸੰਦੇਸ਼ ਦੇ ਕੁਝ ਪੱਖਾਂ ਵਿਚ ਵਧੇਰੇ ਅਜ਼ਾਦੀ ਦੀ ਇੱਕ ਅਵਾਜ਼ ਮਿਲੇਗੀ, ਪਰ ਇਹ ਸੰਭਾਵਨਾ ਹੋ ਸਕਦੀ ਹੈ ਕਿ ਮੂਰਤੀ ਪੂਜਾ ਦੇ ਵਿਸ਼ੇ ਵਿਚ ਪੌਲੁਸ ਦੀ ਚੇਤਾਵਨੀ ਉਸ ਤੋਂ ਵੀ ਵੱਖ ਸਖਤੀ ਭਰੀ ਹੋਵੇ। ਇਸ ਦੀ ਤੁਲਨਾ ਵਿਚ "ਵਧੇਰੇ ਅਮੀਰ" ਗੈਰ ਯਹੂਦੀਆਂ ਨੂੰ ਮੰਦਰ ਸੰਸਥਾ ਦੀ ਪਾਬੰਧੀ ਵਿਚ ਕੋਈ ਅਪੀਲ ਨਹੀਂ ਹੋਣੀ ਚਾਹੀਦੀ ਸੀ।

**ਆਇਤ 22.** ਸ਼ਾਇਦ ਚਾਰ ਸਾਲ ਬੀਤ ਚੁੱਕੇ ਸਨ ਜਦੋਂ ਕੁਰਿੰਥੁਸ ਦੇ ਪਹਿਲੇ ਮਨ ਪਰਿਵਰਤਨ ਕੀਤੇ ਹੋਏ ਲੋਕਾਂ ਨੇ ਬਪਤਿਸਮੇ ਦੇ ਦੁਆਰਾ ਮਸੀਹ ਨੂੰ ਪਹਿਨ ਲਿਆ ਸੀ

(ਰਸੂਲਾਂ ਦੇ ਕਰਤੱਬ 18:8)।[12] ਭਵਿੱਖਵਾਣੀਆਂ ਅਤੇ ਪੂਰਣਤਾ ਤੇ ਜ਼ੋਰ ਦੇਣ ਦੇ ਦੁਆਰਾ, ਗੈਰ-ਯਹੂਦੀ ਵਿਸ਼ਵਾਸੀਆਂ ਨੂੰ ਪੁਰਾਣੇ ਨੇਮ ਤੇ ਯਕੀਨ ਦਿਵਾਇਆ ਗਿਆ ਸੀ। ਪਪੀਰਸ ਸਕਰੋਲਾਂ ਜਾਂ ਹੋਰ ਲਿਖਤੀ ਸਮੱਗਰੀ ਦੀ ਕਮੀ ਦੇ ਕਾਰਨ ਇਹ ਅਸੰਭਵ ਸੀ ਕਿ ਗੈਰ ਯਹੂਦੀ ਮਸੀਹੀ ਇਬਰਾਨੀ ਲਿਖਤਾਂ ਦੇ ਜਾਂ ਪ੍ਰਾਚੀਨ ਇਸਰਾਏਲ ਦੀ ਵਿਚਾਰਧਾਰਾ ਦੇ ਚੰਗੀ ਤਰ੍ਹਾਂ ਨਾਲ ਮਾਹਿਰ ਹੋ ਸਕਦੇ। ਦੂਸਰੇ ਪਾਸੇ, ਜਿਨ੍ਹਾਂ ਦੀਆਂ ਜੜ੍ਹਾਂ ਯਹੂਦੀ ਧਰਮ ਵਿਚ ਸਨ, ਉਹ **"ਅਣਖ ਦੁਆਉਂਦੇ ਹਾਂ"** ਦੇ ਅਰਥ ਨੂੰ ਚੰਗੀ ਤਰ੍ਹਾਂ ਦੇ ਨਾਲ ਸਮਝ ਗਏ ਹੋਣਗੇ।

ਇਸ ਆਇਤ ਵਿਚ ਪੌਲੁਸ ਨੇ ਆਪਣੇ ਪਾਠਕਾਂ ਨੂੰ ਜੋ ਪ੍ਰਸ਼ਨ ਪੁੱਛੇ ਹਨ ਉਨ੍ਹਾਂ ਦੋਵਾਂ ਨੇ ਹੀ ਨਾਕਾਰਤਾਮਕ ਉੱਤਰ ਦੀ ਮੰਗ ਕੀਤੀ। ਨਿਸ਼ਚਤ ਤੌਰ ਤੇ, ਅਸੀਂ "ਪ੍ਰਭੂ ਨੂੰ ਅਣਖ ਦਿਵਾਉਣਾ" ਨਹੀਂ ਚਾਹੁੰਦਾ ਹਾਂ (ਵੇਖੋ ਬਿਵਸਥਾ ਸਾਰ 32:16, 21); ਅਤੇ, ਬੇਸ਼ੱਕ, **ਅਸੀਂ ਓਸ ਨਾਲੋਂ ਬਲੀ ਨਹੀਂ ਹਾਂ** (ਵੇਖੋ ਅੱਯੂਬ 37:23; ਹਿਜ਼ਕੀਏਲ 22:14)। ਪੂਰੇ ਪੁਰਾਣੇ ਨੇਮ ਵਿਚ, ਮੂਰਤੀਪੂਜਾ ਨੇ ਪਰਮੇਸ਼ੁਰ ਦੇ ਕ੍ਰੋਧ ਨੂੰ ਭੜਕਾਇਆ ਹੈ।

## "ਉਚਿਤ" ਅਤੇ "ਲਾਭਦਾਇਕ" (10:23-30)

**[23]ਸਾਰੀਆਂ ਵਸਤਾਂ ਉਚਿਤ ਹਨ ਪਰ ਸੱਭੋ ਲਾਭਦਾਇਕ ਨਹੀਂ। ਸਾਰੀਆਂ ਵਸਤਾਂ ਉਚਿਤ ਹਨ ਪਰ ਸੱਭੋ ਗੁਣਕਾਰ ਨਹੀਂ। [24]ਕੋਈ ਆਪਣੇ ਹੀ ਨਹੀਂ ਸਗੋਂ ਦੂਏ ਦੇ ਭਲੇ ਲਈ ਜਤਨ ਕਰੋ। [25]ਜੋ ਕੁਝ ਕਸਾਈਆਂ ਦੀ ਹੱਟੀ ਵਿੱਚ ਵਿਕਦਾ ਹੈ ਸੋ ਖਾਓ ਅਤੇ ਅੰਤਹਕਰਨ ਦੇ ਕਾਰਨ ਕੋਈ ਗੱਲ ਨਾ ਪੁੱਛੋ। [26]ਕਿਉਂ ਜੋ ਪ੍ਰਿਥਵੀ ਅਤੇ ਜੋ ਕੁਝ ਉਸ ਵਿੱਚ ਭਰਿਆ ਹੋਇਆ ਹੈ ਸੋ ਪ੍ਰਭੁ ਦਾ ਹੈ। [27]ਜੇ ਬੇਪਰਤੀਤਿਆਂ ਵਿੱਚੋਂ ਕੋਈ ਤੁਹਾਨੂੰ ਨਿਉਂਦਾ ਦੇਵੇ ਅਤੇ ਤੁਹਾਡਾ ਮਨ ਜਾਣ ਨੂੰ ਕਰੇ ਤਾਂ ਜੋ ਕੁਝ ਤੁਹਾਡੇ ਅੱਗੇ ਪਰੋਸਿਆ ਜਾਵੇ ਖਾ ਲਵੋ ਅਤੇ ਅੰਤਹਕਰਨ ਦੇ ਕਾਰਨ ਕੋਈ ਗੱਲ ਨਾ ਪੁੱਛੋ। [28]ਪਰ ਜੇ ਕੋਈ ਤੁਹਾਨੂੰ ਆਖੇ ਭਈ ਇਹ ਭੇਟ ਕਰਕੇ ਚੜ੍ਹਾਈ ਗਈ ਸੀ ਤਾਂ ਉਸ ਦੱਸਣ ਵਾਲੇ ਦੇ ਕਾਰਨ ਅਤੇ ਅੰਤਹਕਰਨ ਦੇ ਕਾਰਨ ਨਾ ਖਾਓ। [29]ਅੰਤਹਕਰਨ ਜੋ ਮੈਂ ਕਹਿੰਦਾ ਹਾਂ ਸੋ ਤੇਰਾ ਨਹੀਂ ਸਗੋਂ ਦੂਜੇ ਦਾ ਇਸ ਲਈ ਜੋ ਮੇਰੀ ਅਜ਼ਾਦੀ ਦੂਜੇ ਦੇ ਅੰਤਹਕਰਨ ਤੋਂ ਕਿਉਂ ਜਾਚੀ ਜਾਂਦੀ ਹੈ? [30]ਜੇ ਮੈਂ ਧੰਨਵਾਦ ਕਰ ਕੇ ਭੋਜਨ ਪਾਉਂਦਾ ਹਾਂ ਤਾਂ ਜਿਹ ਦੇ ਲਈ ਮੈਂ ਧੰਨਵਾਦ ਕਰਦਾ ਹਾਂ ਉਹ ਦੇ ਕਾਰਨ ਮੇਰੀ ਨਿੰਦਿਆ ਕਿਉਂ ਹੁੰਦੀ ਹੈ?**

ਪੌਲੁਸ ਨੇ ਇਸ ਗੱਲ ਨੂੰ ਕਾਇਮ ਕੀਤਾ ਸੀ ਕਿ ਮੂਰਤੀ ਨੂੰ ਸਮਰਪਿਤ ਕਿਸੇ ਮੰਦਰ ਦੇ ਵਿਚ ਖਾਣਾ ਮੂਰਤੀਪੂਜਾ ਸੀ ਅਤੇ ਇਸ ਨੇ ਪਰਮੇਸ਼ੁਰ ਦੀ ਅਣਖ ਨੂੰ ਭੜਕਾਇਆ ਸੀ। ਉਸ ਨੇ ਇਸ ਗੱਲ ਨੂੰ ਵੀ ਸਥਾਪਤ ਕੀਤਾ ਕਿ ਪਾਪ ਸਿਰਫ ਮਾਸ ਖਾਣ ਵਿਚ ਹੀ ਨਹੀਂ ਸੀ, ਪਰ ਭੋਜਨ ਦੀ ਸਾਰੀ ਵਿਚ ਹਿੱਸਾ ਲੈਣ ਵਿਚ ਸੀ।

ਰਸੂਲ ਨੇ ਇੱਕ ਹੋਰ ਕਾਰਨ ਦੀ ਵਜਾਹ ਦੇ ਨਾਲ ਵੀ ਇਹ ਲਿਖਿਆ ਸੀ। ਇੱਕ ਕਮਜ਼ੋਰ ਵਿਸ਼ਵਾਸ ਵਾਲੇ ਭਾਈ ਦੇ ਉੱਤੇ ਕਿਸੇ ਦੇ ਵਿਹਾਰ ਦਾ ਕੀ ਅਸਰ ਪੈਂਦਾ ਹੈ ਇਹ ਵੀ ਇੱਕ ਚਿੰਤਾ ਦਾ ਵਿਸ਼ਾ ਸੀ, ਭਾਵੇਂ ਕੋਈ ਮੂਰਤੀ ਨੂੰ ਚੜ੍ਹਾਏ ਗਏ ਮਾਸ ਨੂੰ ਕਿਸੇ ਵੀ ਸਥਾਨ ਤੇ ਕਿਉਂ ਨਾ ਖਾਵੇ।

**ਆਇਤ 23.** ਇਸ ਆਇਤ ਵਿਚ ਮੁੱਖ ਸ਼ਬਦ **ਉਚਿਤ** (ἔξεστιν, *ਐਕਸਸਟਿਨ*) ਹੈ। ਮਸੀਹ ਨੇ ਆਪਣੇ ਲੋਕਾਂ ਨੂੰ ਕੀ ਕਰਨ ਦਾ ਅਧਿਕਾਰ ਦਿੱਤਾ ਹੈ? ਸਵੀਕਾਰਯੋਗ ਮਸੀਹੀ

ਵਿਹਾਰ ਦੀਆਂ ਕੀ ਸੀਮਾਵਾਂ ਹਨ? ਭਾਵੇਂ ਹਰ ਇੱਕ ਮਾਮਲੇ ਨੂੰ "ਸਹੀ" ਜਾਂ "ਗਲਤ" ਨਾਮਕ ਇੱਕ ਸਾਫ਼ ਸ਼੍ਰੇਣੀ ਵਿਚ ਰੱਖਿਆ ਜਾਣਾ ਕਿੰਨਾ ਵੀ ਅਸਾਨ ਸੰਤੋਖਜਨਕ ਕਿਉਂ ਨਾ ਹੋਵੇ, ਪਰ ਮਸੀਹੀ ਜੀਵਨ ਉਸ ਤੋਂ ਵੱਧ ਕੇ ਜਟਿਲ ਹੋ ਸਕਦਾ ਹੈ। ਇੱਕ ਦਿੱਤਾ ਹੋਇਆ ਅਭਿਆਸ ਇੱਕ ਪ੍ਰਸੰਗ ਵਿਚ ਨਿਰਦੋਸ਼ ਹੋ ਸਕਦਾ ਹੈ ਅਤੇ ਦੂਸਰੇ ਵਿਚ ਪਾਪ ਦੇ ਨਾਲ ਲੱਦਿਆ ਹੋਇਆ ਹੋ ਸਕਦਾ ਹੈ। ਹਾਲਾਤ ਬਹੁਤ ਮਹੱਤਵਪੂਰਣ ਹਨ। ਮੂਰਤੀ ਨੂੰ ਚੜ੍ਹਾਇਆ ਹੋਇਆ ਮਾਸ ਖਾਣਾ ਅਜਿਹਾ ਹੀ ਇੱਕ ਮਾਮਲਾ ਸੀ।

ਇਹ ਬਿਆਨ ਕਿ **ਸਾਰੀਆਂ ਵਸਤਾਂ ਉਚਿਤ ਹਨ** ਦਾ ਅਰਥ ਇਹ ਨਹੀਂ ਹੈ ਕਿ **ਸੱਭੋ ਵਸਤਾਂ ਲਾਭਦਾਇਕ ਹਨ।** ਜੋ ਮਸੀਹੀ ਆਪਣੇ ਭੈਣਾਂ -ਭਰਾਵਾਂ ਨੂੰ ਪਿਆਰ ਕਰਦਾ ਹੈ ਉਹ ਸਮਝਦਾ ਹੈ ਕਿ ਉਸ ਦੇ ਕੰਮਾਂ ਦਾ ਉਨ੍ਹਾਂ ਦੇ ਉੱਤੇ ਕੀ ਅਸਰ ਪਵੇਗਾ। ਇੱਕ ਦਿੱਤਾ ਹੋਇਆ ਵਿਹਾਰ ਬੇਗੁਨਾਹ ਹੋ ਸਕਦਾ ਹੈ, ਪਰ ਤਾਂ ਵੀ ਇਹ ਕਿਸੇ ਕਮਜ਼ੋਰ ਜ਼ਮੀਰ ਵਾਲੇ ਨੂੰ ਠੇਸ ਪਹੁੰਚਾ ਸਕਦਾ ਹੈ। ਮਜ਼ਬੂਤ ਮਸੀਹੀ ਪਰਮੇਸ਼ੁਰ ਦੇ ਲੋਕਾਂ ਦੀ ਉੱਨਤੀ ਕਰਨੀ ਚਾਹੁੰਦੇ ਹਨ। ਇਸ ਲਈ, ਜੋ ਸ਼ਰਾ ਦਾ ਪਾਲਣ ਕਰ ਰਿਹਾ ਹੈ ਉਸ ਦੇ ਕੋਲ ਹੋਰ ਪ੍ਰਸ਼ਨ ਹਨ ਜਿਨ੍ਹਾਂ ਦਾ ਉਸ ਨੇ ਫ਼ੈਸਲਾ ਕਰਨਾ ਹੈ ਕਿ ਦਿੱਤਾ ਹੋਇਆ ਵਿਹਾਰ ਉਚਿਤ ਹੈ ਕਿ ਨਹੀਂ। ਸ਼ਰਾ ਦੇ ਅਨੁਸਾਰ ਹੋਣ ਦਾ ਇਹ ਅਰਥ ਨਹੀਂ ਹੈ ਕਿ ਕੋਈ ਕੰਮ ਜ਼ਰੂਰ ਉਚਿਤ ਹੀ ਹੋਵੇ।

ਕੁਝ ਮਸੀਹੀ ਜਿਨ੍ਹਾਂ ਨੇ ਮਸੀਹ ਵਿਚ ਆਉਣ ਤੋਂ ਬਾਅਦ ਆਪਣੀ ਪਾਪੀ ਜੀਵਨ ਸ਼ੈਲੀ ਨੂੰ ਛੱਡ ਦਿੱਤਾ ਹੈ ਉਨ੍ਹਾਂ ਨੂੰ ਅਜੇ ਵੀ ਇਹ ਸਿੱਖਣ ਦੀ ਲੋੜ ਹੈ ਕਿ ਕਿਵੇਂ ਚੱਲਣਾ ਹੈ। ਉਨ੍ਹਾਂ ਦੇ ਲਈ ਵਿਭਚਾਰ ਅਤੇ ਚੋਰੀ ਨੂੰ ਪਿੱਛੇ ਛੱਡਣਾ ਕਾਫ਼ੀ ਨਹੀਂ ਸੀ (ਵੇਖੋ 6:9-11)। ਯਿਸੂ ਨੇ ਆਪਣੇ ਪਿੱਛੇ ਚੱਲਣ ਵਾਲਿਆਂ ਨੂੰ ਇੱਕ ਉੱਚ ਦਰਜੇ ਦਾ ਜੀਵਨ ਜੀਉਣ ਦੇ ਲਈ ਬੁਲਾਇਆ ਹੈ। ਮੁਕੱਦਮੇ ਦੇ ਪਿਛਲੇ ਪ੍ਰਸੰਗ ਵਿਚ, ਪੌਲੁਸ ਨੇ ਪੁੱਛਿਆ ਸੀ, "ਤੁਸੀਂ ਸਗੋਂ ਕੁਨਿਆਉਂ ਕਿਉਂ ਨਹੀਂ ਸਹਾਰ ਲੈਂਦੇ? ਤੁਸੀਂ ਸਗੋਂ ਠਗਾਈ ਕਿਉਂ ਨਹੀਂ ਖਾਂਦੇ?" (6:7)। ਇੱਕ ਮਸੀਹੀ ਜੋ ਸਿਰਫ ਆਪਣੇ ਅਧਿਕਾਰਾਂ ਤੇ ਹੀ ਟਿਕਿਆ ਰਹਿੰਦਾ ਹੈ ਉਹ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਉਸਦੀ ਉਸ ਉਦਾਹਰਣ ਦੀ ਘੱਟ ਸਮਝ ਹੈ ਜੋ ਪ੍ਰਭੂ ਨੇ ਸਾਡੇ ਸਾਹਮਣੇ ਰੱਖੀ ਹੋਈ ਹੈ।

ਰਸੂਲ ਨੇ ਇਸ਼ਾਰਾ ਦਿੱਤਾ ਹੈ ਕਿ ਇਨ੍ਹਾਂ ਸਵਾਲਾਂ ਤੋਂ ਉੱਪਰ ਉੱਠ ਕੇ ਕਿ ਸ਼ਰਾ ਦੇ ਅਨੁਸਾਰ ਕੀ ਸਹੀ ਹੈ ਜਾਂ ਕੀ ਗਲਤ ਹੈ, ਆਪਣੇ ਭਰਾ ਦੀ ਭਲਾਈ ਦੀ ਭਾਲ ਕਰਨ ਦੀ ਜ਼ਿੰਮੇਵਾਰੀ ਵੱਲ ਧਿਆਨ ਦੇਣਾ ਚਾਹੀਦਾ ਹੈ। ਇੱਕ ਵਿਸ਼ਵਾਸੀ ਦੇ ਲਈ ਹਮੇਸ਼ਾ ਆਪਣੇ ਹੀ ਅਧਿਕਾਰਾਂ ਤੇ ਜ਼ੋਰ ਦੇਣਾ (ਸ਼ਾਇਦ ਹਮੇਸ਼ਾ) ਉੱਤਮ ਤਰੀਕਾ ਨਹੀਂ ਹੁੰਦਾ ਹੈ।

**ਆਇਤ 24.** ਜਦੋਂ ਵੀ ਮਸੀਹ ਦੀ ਮਹਿਮਾ ਦਾ ਸਵਾਲ ਉੱਠਦਾ ਸੀ, ਜਦੋਂ ਵੀ ਮਸੀਹੀਆਂ ਦਾ ਵਿਹਾਰ ਦੂਜਿਆਂ ਦੇ ਉੱਤੇ ਅਸਰ ਪਾਉਂਦਾ ਸੀ, ਪੌਲੁਸ ਨੇ ਬੇਨਤੀ ਕੀਤੀ, **ਕੋਈ ਆਪਣੇ ਹੀ ਨਹੀਂ ਸਗੋਂ ਦੂਏ ਦੇ ਭਲੇ ਲਈ ਜਤਨ**[13] **ਕਰੇ।** ਜਦੋਂ ਪੌਲੁਸ ਨੇ ਕਿਹਾ ਕਿ ਵਿਸ਼ਵਾਸੀ ਨੂੰ "ਆਪਣੇ ਹੀ" ਭਲੇ ਦੀ ਭਾਲ ਵਿਚ ਨਹੀਂ ਹੋਣਾ ਚਾਹੀਦਾ ਹੈ, ਉਸ ਨੇ ਇਸ ਨੂੰ ਆਪਣੇ ਪਾਠਕਾਂ ਦੇ ਲਈ ਛੱਡ ਦਿੱਤਾ ਕਿ ਉਹ ਆਪਣੀਆਂ ਖੁਦ ਦੀਆਂ ਆਦਤਾਂ ਦੀ ਸੂਚੀ ਬਣਾ ਸਕਣ ਕਿ ਉਨ੍ਹਾਂ ਨੂੰ ਕਿਹੜੀਆਂ ਕਿਹੜੀਆਂ ਗੱਲਾਂ ਤੋਂ ਬਚਣਾ ਚਾਹੀਦਾ ਹੈ। ਇੱਕ ਮਸੀਹੀ ਨੂੰ ਆਪਣੇ ਖੁਦ ਦੇ ਲਾਭ, ਮਾਣ, ਜਾਂ ਵਿਸ਼ੇਸ਼ ਅਧਿਕਾਰ ਨੂੰ ਤਰਜੀਹ ਨਹੀਂ ਦੇਣੀ ਚਾਹੀਦੀ ਹੈ। ਇਸ ਦੀ ਬਜਾਇ, ਉਸ ਨੂੰ **ਦੂਏ ਦੇ** ਲਾਭ, ਤੰਦਰੁਸਤੀ ਅਤੇ ਆਤਮਿਕ ਵਿਕਾਸ ਦੀ ਭਾਲ ਕਰਨੀ ਚਾਹੀਦੀ ਹੈ।

**ਆਇਤਾਂ 25, 26.** ਪੌਲੁਸ ਦੀ ਪੱਤ੍ਰੀ ਦੇ ਵੱਖ ਵੱਖ ਭਾਗਾਂ ਵਿਚ ਕੁਰਿੰਥੁਸ ਦੇ ਮਸੀਹੀਆਂ

ਨੂੰ ਵੱਖੋ-ਵੱਖਰੀਆਂ ਸ਼ਕਤੀਆਂ ਦੇ ਨਾਲ ਸੱਦਿਆ ਗਿਆ ਹੈ। ਸਾਰੀ ਕਲੀਸੀਆ ਵਿਚ ਵੰਡਾਂ ਸਪੱਸ਼ਟ ਸਨ, ਪਰ ਕੁਝ ਲੋਕਾਂ ਦੇ ਵਿਚ ਪਾਰਟੀਬਾਜ਼ੀ ਦੀ ਭਾਵਨਾ ਹੋਰਨਾਂ ਦੀ ਬਜਾਇ ਜ਼ਿਆਦਾ ਪਾਈ ਜਾਂਦੀ ਸੀ। ਹਰੇਕ ਮੈਂਬਰ ਆਪਣੇ ਝਗੜਿਆਂ ਨੂੰ ਸੁਲਝਾਉਣ ਦੇ ਲਈ ਧਰਮ ਨਿਰਪੱਖ ਅਦਾਲਤਾਂ ਦਾ ਸਹਾਰਾ ਲੈ ਰਿਹਾ ਸੀ, ਅਤੇ ਭਾਈ ਲੋਕ ਪ੍ਰਤਿਸ਼ਠਾਵਾਨ ਆਤਮਿਕ ਦਾਨਾਂ ਦੇ ਲਈ ਸਮਾਨ ਰੀਤਿ ਦੇ ਨਾਲ ਜੋਸ਼ ਨਾਲ ਭਰੇ ਹੋਏ ਨਹੀਂ ਸਨ। ਇਸੇ ਤਰ੍ਹਾਂ, ਇਨ੍ਹਾਂ ਸਾਰੇ ਵਿਸ਼ਵਾਸੀਆਂ ਦੀ ਮੂਰਤੀਆਂ ਦੇ ਮੰਦਰਾਂ ਵਿਚ ਮਾਸ ਖਾਣ ਦੇ ਅਧਿਕਾਰ ਦੀ ਰਾਖੀ ਕਰਨ ਵਿਚ ਇੱਕੋ ਜਿਹੀ ਦਿਲਚਸਪੀ ਨਹੀਂ ਸੀ। ਇਸ ਮਾਮਲੇ ਦੇ ਸੰਬੰਧ ਵਿਚ, ਪੌਲੁਸ ਮੁੱਖ ਤੌਰ ਤੇ ਉਨ੍ਹਾਂ ਧਨੀ ਯਹੂਦੀ ਕਾਰੀਗਰਾਂ ਅਤੇ ਵਪਾਰੀਆਂ ਦਾ ਸਾਹਮਣਾ ਕਰ ਰਿਹਾ ਸੀ ਜੋ ਮਸੀਹੀ ਬਣ ਗਏ ਸਨ ਪਰ ਆਪਣੇ ਪੇਸ਼ੇਵਰ ਸਮੂਹਾਂ ਵਿਚ ਭਾਗ ਲੈਣਾ ਚਾਹੁੰਦਾ ਸਨ। ਉਨ੍ਹਾਂ ਦੇ ਵਿਹਾਰ ਦੇ ਵਿਸ਼ੇ ਵਿਚ ਪੌਲੁਸ ਨੇ ਜੋ ਵੀ ਆਲੋਚਨਾ ਕੀਤੀ ਸੀ ਉਹ ਉਸ ਅਲੋਚਨਾ ਤੋਂ ਬੁਰੀ ਨਹੀਂ ਸੀ ਜਿਸ ਦਾ ਉਨ੍ਹਾਂ ਨੇ ਮਸੀਹ ਵਿਚ ਆਉਣ ਤੋਂ ਪਹਿਲਾਂ ਆਪਣੇ ਨਾਲ ਦੇ ਯਹੂਦੀਆਂ ਵੱਲੋਂ ਸਾਹਮਣਾ ਕੀਤਾ ਸੀ। ਉਹ ਆਪਣੇ ਇਤਰਾਜ਼ਾਂ ਨੂੰ ਉਸੇ ਤਰੀਕੇ ਦੇ ਨਾਲ ਦ੍ਰਿੜਤਾ ਪੂਰਵਕ ਮੰਨਦੇ ਸਨ ਜਿਵੇਂ ਉਹ ਹੈਕਲ ਦੇ ਮੈਂਬਰ ਹੋਣ ਦੇ ਸਮੇਂ ਵਿਚ ਮੰਨਦੇ ਸਨ।

ਪੌਲੁਸ ਨੂੰ ਪੇਸ਼ ਕੀਤੀ ਗਈ ਦਲੀਲ ਦ੍ਰਿੜ ਵਚਨ ਸੀ ਕਿ "ਇੱਕ ਮੂਰਤੀ ਕੁਝ ਵੀ ਨਹੀਂ ਹੈ।" ਕਿਉਂਕਿ ਇਹ ਮਸੀਹੀ ਜਾਣਦੇ ਸਨ ਕਿ ਉਹ ਦੇਵਤੇ ਹੋਂਦ ਵਿਚ ਨਹੀਂ ਸਨ, ਇਸ ਲਈ ਜਦੋਂ ਉਹ ਇਨ੍ਹਾਂ ਮੂਰਤੀਆਂ ਦੇ ਮੰਦਰਾਂ ਵਿਚਲੀਆਂ ਦਾਅਵਤਾਂ ਵਿਚ ਹਿੱਸਾ ਲੈਂਦੇ ਸਨ ਤਾਂ ਉਹ ਆਪਣੇ ਆਪ ਨੂੰ ਮੂਰਤੀਪੂਜਾ ਦੇ ਪਾਪ ਦੇ ਦੋਸ਼ੀ ਨਹੀਂ ਸਮਝਦੇ ਸਨ। ਪੌਲੁਸ ਨੇ ਇਸ ਗੱਲ ਤੇ ਤਰਕ ਨਹੀਂ ਕੀਤਾ ਕਿ ਇੱਕ ਯੂਨਾਨੀ ਦੇਵਤੇ ਦੀ ਜਗਵੇਦੀ ਤੇ ਚੜ੍ਹਾਇਆ ਗਿਆ ਮਾਸ ਉਸ ਦੇਵਤੇ ਦਾ ਸੀ। ਉਹ ਇਸ ਗੱਲ ਨਾਲ ਸਹਿਮਤ ਸੀ ਕਿ ਦੇਵਤਾ ਕੁਝ ਨਹੀਂ ਸੀ। ਕੋਈ ਵੀ ਮਨੁੱਖ ਉਸ ਨੂੰ ਭੇਂਟ ਨਹੀਂ ਚੜ੍ਹਾ ਸਕਦਾ ਜੋ ਕੁਝ ਵੀ ਨਾ ਹੋਵੇ; ਨਾ ਹੀ ਉਸ ਦੀ ਉਸਤਤ ਕੀਤੀ ਜਾ ਸਕਦੀ ਹੈ ਜਾਂ ਉਸ ਤੋਂ ਕੁਝ ਮੰਗਿਆ ਜਾ ਸਕਦਾ ਹੈ। ਇਸ ਲਈ, ਜੇਕਰ ਕੋਈ ਮਸੀਹੀ ਬਜ਼ਾਰ ਵਿਚ ਜਾਵੇ ਅਤੇ ਉਸ ਮਾਸ ਨੂੰ ਖਰੀਦੇ ਜੋ ਇੱਕ ਬੁੱਤ ਦੀ ਜਗਵੇਦੀ ਤੇ ਚੜ੍ਹਾਇਆ ਜਾ ਚੁੱਕਾ ਸੀ, ਤਾਂ ਉਹ ਉਸ ਨੂੰ ਬਿਨਾਂ ਦੋਸ਼ ਭਾਵਨਾ ਦੇ ਖਾ ਸਕਦਾ ਹੈ। ਪਰ, ਇੱਕ ਮੂਰਤੀ ਦੇ *ਮੰਦਰ ਵਿਚ* ਮਾਸ ਨਹੀਂ ਖਾਧਾ ਜਾਣਾ ਚਾਹੀਦਾ ਸੀ। ਪੌਲੁਸ ਨੇ ਕਿਹਾ ਕਿ ਇਹ ਅਭਿਆਸ ਉਨ੍ਹਾਂ ਮਸੀਹੀਆਂ ਦੇ ਵਿਸ਼ਵਾਸ ਨੂੰ ਕਮਜ਼ੋਰ ਕਰ ਸਕਦਾ ਹੈ ਜੋ ਸੂਖਮ ਅੰਤਰ ਕਾਇਮ ਕਰਨ ਵਿਚ ਅਸਮਰੱਥ ਜਾਂ ਅਣਇੱਛੁਕ ਸਨ।

ਰਸੂਲ ਖਿੰਡੇ ਹੋਏ ਯਹੂਦੀਆਂ ਵਿਚ ਮੂਰਤੀਪੂਜਾ ਨੂੰ ਪਰਿਭਾਸ਼ਤ ਕਰਨ ਦੇ ਲਈ ਵਧੇਰੇ ਸਖਤ ਸੀ, ਪਰ ਕੀ ਉਹ ਆਪਣੇ ਯਹੂਦੀ ਭਰਾਵਾਂ ਦੇ ਪ੍ਰਤਿ ਵਧੇਰੇ ਉਦਾਰਵਾਦੀ ਸੀ? **ਜੋ ਕੁਝ ਕਸਾਈਆਂ ਦੀ ਹੱਟੀ ਵਿੱਚ ਵਿਕਦਾ ਹੈ ਸੋ ਖਾਓ ਅਤੇ ਅੰਤਹਕਰਨ ਦੇ ਕਾਰਨ ਕੋਈ ਗੱਲ ਨਾ ਪੁੱਛੋ** (10:25) ਅਤੇ "ਮੂਰਤਾਂ ਦਿਆਂ ਚੜ੍ਹਾਵਿਆਂ . . . ਬਚੇ ਰਹੋ" (ਰਸੂਲਾਂ ਦੇ ਕਰਤੱਬ 15:29) ਵਿਚਲੀ ਪਰੇਸ਼ਾਨੀ ਸਪੱਸ਼ਟ ਹੈ। ਪਰ, ਯਰੂਸ਼ਲਮ ਦੀ ਸਮਿਤੀ ਵੱਲੋਂ ਪਾਬੰਦੀ ਇਸ ਪਰੇਸ਼ਾਨੀ ਨੂੰ ਦੂਰ ਕਰਨ ਵਿਚ ਮਦਦ ਕਰਦੀ ਹੈ। ਅੰਤਾਕਿਯਾ ਵਿਚਲੇ ਯਹੂਦੀ ਅਤੇ ਗੈਰ ਯਹੂਦੀ ਵਿਸ਼ਵਾਸੀਆਂ ਦੇ ਇੱਕ ਕਲੀਸੀਆ ਬਣਨ ਦੇ ਲਈ ਮੇਜ਼ ਵਿਚ ਸ਼ਰੀਕ ਹੋਣਾ ਜ਼ਰੂਰੀ ਸੀ। ਸ਼ੁਰੂਆਤੀ ਦਿਨਾਂ ਵਿਚ, ਕੋਈ ਸਮੱਸਿਆ ਨਹੀਂ ਸੀ (ਗਲਾਤੀਆਂ 2:12); ਯਰੂਸ਼ਲਮ ਦੀ ਕਲੀਸੀਆ ਵਿਚੋਂ ਆਏ ਹੋਏ ਲੋਕਾਂ ਨੇ ਯਹੂਦੀ ਵਿਸ਼ਵਾਸੀਆਂ ਦੇ ਮਨ ਵਿਚ ਮੂਰਤੀਆਂ ਨੂੰ ਚੜ੍ਹਾਏ ਗਏ ਮਾਸ ਦੇ ਵਿਸ਼ੇ ਵਿਚ ਸਵਾਲ ਪੈਦਾ ਕੀਤਾ। ਪਤਰਸ ਅਤੇ

ਹੋਰਨਾਂ ਨੇ ਅਪਵਿੱਤਰ ਭੋਜਨ ਖਾਣ ਤੋਂ ਬਚਣ ਲਈ ਆਪਣੇ ਆਪ ਨੂੰ ਗੈਰ ਯਹੂਦੀਆਂ ਦੇ ਨਾਲ ਮੇਲਜੋਲ ਦੀ ਸੰਗਤੀ ਤੋਂ ਵੱਖਰਾ ਕੀਤਾ। ਉਸ ਮਾਮਲੇ ਵਿਚ ਪੌਲੁਸ ਪਤਰਸ ਦੇ ਨਾਲ ਖੜ੍ਹਾ ਹੋਇਆ ਸੀ, ਪਰ ਉਸ ਨੇ ਇਸ ਗੱਲ ਨੂੰ ਸਵੀਕਾਰ ਕਰ ਲਿਆ ਕਿ ਜੇਕਰ ਉਹ ਸਾਰੇ ਇੱਕੋ ਮੇਜ਼ ਵਿਚ ਹਿੱਸਾ ਲੈਣਾ ਚਾਹੁੰਦੇ ਹਨ ਤਾਂ ਅੰਤਾਕਿਯਾ ਵਿਚਲੇ ਯਹੂਦੀ ਅਤੇ ਗੈਰ ਯਹੂਦੀ ਮਸੀਹੀਆਂ ਨੂੰ ਮੂਰਤੀਆਂ ਨੂੰ ਚੜ੍ਹਾਏ ਗਏ ਮਾਸ ਤੋਂ ਦੂਰ ਰਹਿਣ ਦੀ ਲੋੜ ਸੀ।

ਪੌਲੁਸ ਨੇ ਯਹੂਦੀ ਅਤੇ ਗੈਰ ਯਹੂਦੀ ਮਸੀਹੀਆਂ ਵਿਚ ਏਕਤਾ ਦੀ ਖਾਤਰ (ਵੇਖੋ ਪਰਕਾਸ਼ ਦੀ ਪੋਥੀ 2:14, 20) ਯਰੂਸ਼ਲਮ ਦੀ ਕਲੀਸੀਆ (ਵੇਖੋ ਰਸੂਲਾਂ ਦੇ ਕਰਤੱਬ 15:30; 16:4) ਫ਼ਰਮਾਨ ਦੀ ਪੁਸ਼ਟੀ ਕੀਤੀ; ਪਰ ਉਸ ਮੁੱਦੇ ਦੇ ਨਾ ਹੋਣ ਦੀ ਹਾਲਤ ਵਿਚ, ਰਸੂਲ ਨੂੰ ਬਜ਼ਾਰ ਵਿਚੋਂ ਮਾਸ ਖਰੀਦਣ ਵਿਚ ਕੋਈ ਸਮੱਸਿਆ ਨਹੀਂ ਸੀ ਭਾਵੇਂ ਉਹ ਇੱਕ ਮੂਰਤੀ ਦੀ ਜਗਵੇਦੀ ਤੇ ਚੜ੍ਹਾਇਆ ਹੋਇਆ ਬਲੀਦਾਨ ਹੀ ਕਿਉਂ ਨਾ ਹੋਵੇ। ਕੁਰਿੰਥੁਸ ਦਾ ਮਸਲਾ ਯਹੂਦੀ ਅਤੇ ਮਸੀਹੀ ਵਿਸ਼ਵਾਸੀਆਂ ਵਿਚਕਾਰ ਇੱਕੋ ਮੇਜ਼ ਵਿਚ ਸ਼ਰੀਕ ਹੋਣ ਦਾ ਨਹੀਂ ਸੀ; ਪਰ ਇਹ ਵਿਸ਼ਵਾਸ ਵਿਚ ਕਮਜ਼ੋਰ ਲੋਕਾਂ ਨੂੰ ਠੋਕਰ ਖੁਵਾਉਣ ਦੇ ਵਿਸ਼ੇ ਵਿਚ ਸੀ।

ਉਹ ਸ਼ਬਦ ਜਿਸ ਦਾ ਅਨੁਵਾਦ "ਕਸਾਈਆਂ ਦੀ ਹੱਟੀ" (μάκελλον, *ਮਕੈਲੋਨ*) ਨਵੇਂ ਨੇਮ ਵਿਚ ਸਿਰਫ ਇੱਕ ਵਾਰ ਇੱਥੇ ਹੀ ਆਉਂਦਾ ਹੈ, ਪਰ ਇਹ ਯੂਨਾਨੀ ਸ਼ਿਖਾਲੇਖਾਂ ਵਿਚ ਲਗਭਗ 400 ਈ. ਵੀ. ਪੂ. ਵਿਚ ਪਾਇਆ ਗਿਆ ਹੈ। ਸ਼ਬਦ *ਮਕੈਲਮ,* ਲਾਤੀਨੀ ਸੰਸਕਰਣ ਕੁਰਿੰਥੁਸ ਦੇ ਲੇਚੈਮ ਮਾਰਗ ਦੇ ਪੂਰਬ ਵਿਚ ਇੱਕ ਬਜ਼ਾਰ ਦੇ ਨਾਲ ਜੁੜੇ ਇੱਕ ਅਨੋਖੇ ਲੇਖ ਵਿਚ ਪਾਇਆ ਗਿਆ ਹੈ। ਮਾਸ ਬਜ਼ਾਰ ਵਿਚ ਵਿਕਣ ਵਾਲਾ ਜ਼ਿਆਦਾਤਰ ਮਾਸ ਉਨ੍ਹਾਂ ਜਾਨਵਰਾਂ ਦਾ ਹੁੰਦਾ ਸੀ ਜੋ ਵੱਖ ਵੱਖ ਦੇਵਤਿਆਂ ਦੇ ਸਾਹਮਣੇ ਬਲੀਦਾਨਾਂ ਦੇ ਰੂਪ ਵਿਚ ਚੜ੍ਹਾਏ ਜਾਂਦੇ ਸਨ।[14] ਪੂਜਾ ਕਰਨ ਵਾਲਿਆਂ ਅਤੇ ਮੰਦਰ ਦੇ ਅਧਿਕਾਰੀਆਂ ਦੁਆਰਾ ਨਾ ਖਾਧਾ ਗਿਆ ਵਾਧੂ ਮਾਸ ਜਨਤਾ ਦੇ ਵਿਚ ਵੇਚ ਦਿੱਤਾ ਜਾਂਦਾ ਸੀ। ਜਦੋਂ ਵਿਸ਼ਵਾਸੀ ਲੋਕ ਉਸ ਮਾਸ ਨੂੰ ਖਰੀਦਦੇ ਸਨ ਜੋ ਮੂਰਤੀਆਂ ਨੂੰ ਚੜ੍ਹਾਇਆ ਗਿਆ ਸੀ, ਤਾਂ ਕੀਮਤ ਦਾ ਕੁਝ ਹਿੱਸਾ ਮੰਦਰ ਦੇ ਸਮਰਥਨ ਵਿਚ ਜਾਂਦਾ ਸੀ। ਇੰਞ ਜਾਪਦਾ ਹੈ ਕਿ ਆਰਥਿਕ ਮੁੱਦੇ ਦੇ ਵਿਸ਼ੇ ਵਿਚ ਪੌਲੁਸ ਨੂੰ ਕੋਈ ਚਿੰਤਾ ਨਹੀਂ ਸੀ। ਇੱਕ ਵਿਸ਼ਵਾਸੀ ਜੋ ਕੁਝ ਵੀ ਖਰੀਦਦਾ ਹੈ ਉਸ ਤੋਂ ਜੋ ਮੁਨਾਫ਼ਾ ਹੁੰਦਾ ਹੈ ਉਹ ਉਸ ਦਾ ਜਵਾਬ ਨਹੀਂ ਦੇ ਸਕਦਾ।

ਬਜ਼ਾਰ ਵਿਚ ਪੇਸ਼ ਕੀਤਾ ਜਾਣ ਵਾਲਾ ਕਿਸੇ ਵੀ ਕਿਸਮ ਦਾ ਮਾਸ ਪਰਮੇਸ਼ੁਰ ਦੀ ਰਚਨਾ ਦਾ ਇੱਕ ਹਿੱਸਾ ਸੀ ਅਤੇ ਇਸ ਕਾਰਨ ਉਹ ਚੰਗਾ ਸੀ। ਭੌਤਿਕ ਚੀਜ਼ਾਂ ਵਿਚ ਕੋਈ ਅੰਦਰੂਨੀ ਬੁਰਾਈ ਨਹੀਂ ਹੁੰਦੀ। ਮਾਸ ਦੇ ਇੱਕ ਟੁਕੜੇ ਦੇ ਇਤਿਹਾਸ ਦੀ ਖੋਜ ਕਰਕੇ ਕੋਈ ਵੀ ਹੋਰ ਜ਼ਿਆਦਾ ਪਵਿੱਤਰ ਨਹੀਂ ਬਣਦਾ। **ਕਿਉਂ ਜੋ ਪ੍ਰਿਥਵੀ ਅਤੇ ਜੋ ਕੁਝ ਉਸ ਵਿੱਚ ਭਰਿਆ ਹੋਇਆ ਹੈ ਸੋ ਪ੍ਰਭੁ ਦਾ ਹੈ** (10:26; ਵੇਖੋ ਜ਼ਬੂਰਾਂ ਦੀ ਪੋਥੀ 24:1)।

**ਆਇਤ 27.** ਫਿਰ ਪੌਲੁਸ ਨੇ ਦੂਸਰੇ ਮਾਮਲੇ ਦੇ ਵਿਸ਼ੇ ਵਿਚ ਗੱਲ ਕੀਤੀ। ਜਨਤਕ ਬਜ਼ਾਰ ਵਿਚੋਂ ਖਰੀਦੇ ਗਏ ਮਾਸ ਦੇ ਵਿਸ਼ੇ ਵਿਚ ਜੋ ਕੁਝ ਸੱਚ ਸੀ ਉਹੀ ਉਸ ਮਾਸ ਦੇ ਵਿਸ਼ੇ ਵਿਚ ਵੀ ਸੱਚ ਸੀ ਜੋ **ਬੇਪਰਤੀਤਿਆਂ ਵਿੱਚੋਂ ਕੋਈ** ਆਪਣੇ ਘਰ ਵਿਚ ਪਰੋਸੇ। ਵਿਅਕਤੀਗਤ ਤੌਰ ਤੇ ਖਾਧਾ ਗਿਆ ਭੋਜਨ ਸ਼ੁੱਧ ਸੀ, ਭਾਵੇਂ ਇਹ ਕਿਸੇ ਮੂਰਤੀ ਦੇ ਸਾਹਮਣੇ ਚੜ੍ਹਾਇਆ ਗਿਆ ਹੋਵੇ ਭਾਵੇਂ ਨਾ। ਪੌਲੁਸ ਨੇ ਕਿਹਾ, **ਜੋ ਕੁਝ ਤੁਹਾਡੇ ਅੱਗੇ ਪਰੋਸਿਆ ਜਾਵੇ ਖਾ ਲਵੋ**, ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਇਹ ਕਿਸੇ ਦੋਸ਼ ਜਾਂ ਕਿਸੇ ਦੇ ਜ਼ਮੀਰ ਦੇ ਵਿਰੁੱਧ ਪਾਪ ਤੋਂ ਬਿਨਾਂ ਕੀਤਾ ਜਾ ਸਕਦਾ ਸੀ। ਯੂਨਾਨੀ ਭਾਸ਼ਾ ਬੋਲਣ ਵਾਲੇ ਸੰਸਾਰ ਵਿੱਚ ਪ੍ਰਚਲਿਤ ਤਿਆਗ

ਦਾ ਉਸ ਵਿਚ ਕੋਈ ਹਿੱਸਾ ਨਹੀਂ ਹੋਵੇਗਾ। ਕੋਈ ਵਿਅਕਤੀ ਉਨ੍ਹਾਂ ਭੋਜਨਾਂ ਜਾਂ ਕੰਮਾਂ ਤੋਂ ਦੂਰ ਰਹਿ ਕੇ ਜੋ ਨੈਤਿਕ ਤੌਰ ਤੇ ਨਿਰਪੱਖ ਹਨ ਪਵਿੱਤਰ ਨਹੀਂ ਬਣਾਇਆ ਗਿਆ ਸੀ।

ਇੱਕ ਮਸੀਹੀ ਨੇ ਸਿਰਫ ਮਾਸ ਖਾਣ ਦੇ ਦੁਆਰਾ ਕਿਸੇ ਮੂਰਤੀ ਨੂੰ ਭੇਂਟ ਨਹੀਂ ਚੜ੍ਹਾਈ। ਇੰਨੇ ਤੇ ਪੌਲੁਸ ਅਤੇ ਉਸ ਦੇ ਵਿਰੋਧੀਆਂ ਨੇ ਸਹਿਮਤੀ ਜਤਾਈ ਕਿ ਮੂਰਤੀਪੂਜਾ ਮਨ ਅਤੇ ਦਿਲ ਦਾ ਇੱਕ ਕਾਰਜ ਹੈ। ਉਨ੍ਹਾਂ ਦੇ ਵਿਚਕਾਰ ਇਸ ਗੱਲ ਦੇ ਉੱਤੇ ਮਤਭੇਦ ਸੀ ਕਿ ਪੌਲੁਸ ਨੇ ਜ਼ੋਰ ਦਿੱਤਾ ਸੀ ਕਿ ਜਦੋਂ ਕੋਈ ਸਰੀਰਕ ਤੌਰ ਤੇ ਉਨ੍ਹਾਂ ਦਸਤੂਰਾਂ ਵਿਚ ਸ਼ਾਮਲ ਹੁੰਦਾ ਹੈ ਜੋ ਮੂਰਤੀ ਦੀ ਪੂਜਾ ਦੇ ਲਈ ਕੀਤੇ ਜਾਂਦੇ ਹਨ, ਇੱਕ ਬਿੰਦੂ ਤੇ ਮੂਰਤੀਪੂਜਾ ਦੇ ਮਕਸਦ ਅਤੇ ਮੂਰਤੀਪੂਜਾ ਦੇ ਤੱਤ ਆਪਸ ਵਿਚ ਮਿਲਾਏ ਗਏ ਹਨ। ਜੇਕਰ ਮੂਰਤੀਪੂਜਾ ਸਿਰਫ ਮਾਸ ਖਾਣ ਦੀ ਇੱਕ ਮਸ਼ੀਨੀ ਕਿਰਿਆ ਨਹੀਂ ਸੀ ਤਾਂ ਇਹ ਸਰਵਜਨਕ ਪ੍ਰਦਰਸ਼ਨ ਤੋਂ ਅਲੱਗ ਹੈ। ਜਦੋਂ ਇੱਕ ਮਸੀਹੀ ਮੰਦਰ ਦੇ ਵਿਚ ਧਾਰਮਿਕ ਵਿਧੀਆਂ ਦੇ ਵਿਚ ਸ਼ਾਮਲ ਹੁੰਦਾ ਸੀ, ਤਾਂ ਉਹ ਆਪਣੇ ਵਿਅਕਤੀਗਤ ਘਰ ਵਿਚ ਮਾਸ ਖਾਣ ਤੋਂ ਕਾਫ਼ੀ ਅੱਗੇ ਵੱਧ ਗਿਆ ਸੀ।

ਪੌਲੁਸ ਨੇ ਵਿਸ਼ਵਾਸੀਆਂ ਨੂੰ ਕਿਹਾ ਸੀ ਕਿ **ਅੰਤਹਕਰਨ ਦੇ ਕਾਰਨ ਕੋਈ ਗੱਲ ਨਾ ਪੁੱਛੋ** (διὰ τὴν συνείδησιν, *ਦੀਆ ਟੈਨ ਸਿਊਨਿਡੇਸਨ*)। ਉਹ ਸ਼ਾਇਦ ਆਪਣੇ ਪਾਠਕਾਂ ਨੂੰ ਇਹ ਕਹਿ ਰਿਹਾ ਸੀ ਕਿ ਉਨ੍ਹਾਂ ਨੂੰ ਗੈਰ ਵਿਸ਼ਵਾਸੀਆਂ ਨੇ ਮਾਸ ਖਾਣ ਦੇ ਕਾਰਨ ਉਨ੍ਹਾਂ ਦੇ ਨਾਲ ਘ੍ਰਿਣਾ ਕੀਤੀ ਹੈ। ਜਦੋਂ ਤਕ ਉਹ ਵਿਸ਼ਵਾਸੀ ਸਪੱਸ਼ਟ ਤੌਰ ਤੇ ਕਿਹਾ ਨਾ ਜਾਵੇ, ਉਦੋਂ ਤਕ ਉਸ ਨੂੰ ਇਹ ਮੰਨਣ ਦੀ ਕੋਈ ਲੋੜ ਨਹੀਂ ਹੁੰਦੀ ਕਿ ਜੋ ਮਾਸ ਉਹ ਖਾ ਰਿਹਾ ਹੈ ਉਹ ਮੂਰਤੀ ਨੂੰ ਚੜ੍ਹਾਈ ਗਈ ਭੇਂਟ ਸੀ।

"ਅੰਤਹਕਰਨ" (συνείδησις, *ਸੁਨੀਡੀਸਿਸ*) ਰਸੂਲਾਂ ਦੇ ਕਰਤੱਬ ਵਿਚ ਅਤੇ ਪੱਤ੍ਰੀਆਂ ਵਿਚ ਉਨੱਤੀ ਵਾਰ ਬੋਲਿਆ ਗਿਆ ਹੈ। ਇਹ ਸ਼ਬਦ ਅੱਠ ਵਾਰ 1 ਕੁਰਿੰਥੀਆਂ 8 ਅਤੇ 10 ਵਿਚ ਆਇਆ ਹੈ, ਅਤੇ 10:25-29 ਵਿਚ ਪੰਜ ਵਾਰੀ ਆਇਆ ਹੈ। ਯੂਨਾਨੀ ਸੰਸਾਰ ਵਿਚ "ਅੰਤਹਕਰਨ," ਸ਼ਰਮ ਅਤੇ ਸਨਮਾਨ ਦੇ ਵਾਂਗ, ਦੂਜਿਆਂ ਦੀਆਂ ਨਜ਼ਰਾਂ ਵਿਚ ਆਪਣੇ ਮਾਣ ਦੀ ਧਾਰਣਾ ਦੇ ਨਾਲ ਕਰਨਾ ਸੀ। "ਸ਼ੁੱਧ ਅੰਤਹਕਰਨ" ਆਪਣੇ ਗੁਆਂਢੀਆਂ ਦੇ ਸਾਹਮਣੇ ਕਿਸੇ ਗੱਲ ਤੋਂ ਸ਼ਰਮ ਮਹਿਸੂਸ ਨਹੀਂ ਹੋਣੀ ਚਾਹੀਦੀ ਸੀ। "ਅੰਤਹਕਰਨ" ਪਹਿਲੀ ਮਸੀਹੀ ਸਦੀ ਵਿਚ ਇੱਕ ਵਿਕਸਤ ਸ਼ਬਦ ਸੀ ਅਤੇ ਇਸ ਪ੍ਰਸੰਗ ਵਿਚ ਪੌਲੁਸ ਦੇ ਇਸ ਸ਼ਬਦ ਦਾ ਉਪਯੋਗ ਇਸ ਪੱਤ੍ਰੀ ਦੇ ਵਿਸ਼ੇ ਵਿਚ ਇੱਕ ਅਸਥਿਰ ਵਿਆਖਿਆਤਮਕ ਪ੍ਰਸ਼ਨਾਂ ਵਿਚੋਂ ਇੱਕ ਹੈ।

**ਆਇਤ 28.** ਤੀਸਰਾ ਮਾਮਲਾ ਜਾਰੀ ਹੈ ਜੋ ਇੱਕ ਮਸੀਹੀ ਦੇ ਦੁਆਰਾ ਇੱਕ ਅਵਿਸ਼ਵਾਸੀ ਦੇ ਘਰ ਵਿਚ ਪਰੋਸੇ ਗਏ ਮਾਸ ਦੇ ਵਿਸ਼ੇ ਵਿਚ ਸੀ। ਪੌਲੁਸ ਨੇ ਗੈਰ-ਵਿਸ਼ਵਾਸੀ ਸੰਸਕ੍ਰਿਤੀ ਅਤੇ ਮਸੀਹੀ ਸਮੁਦਾਇ ਦੇ ਵਿਚਕਾਰ ਇੱਕ ਅਨੋਖੇ ਸੰਬੰਧ ਦਾ ਅਨੁਮਾਨ ਲਗਾਇਆ। ਇੱਕ ਮੂਰਤੀਪੂਜਕ ਇੱਕ ਮਸੀਹੀ ਦਾ ਅਨਾਦਰ ਕਰਕੇ ਆਪਣੇ ਪਰਾਹੁਣਿਆਂ ਦਾ ਮਨੋਰੰਜਨ ਕਰਨ ਦੇ ਉਦੇਸ਼ ਦੇ ਨਾਲ ਉਸ ਨੂੰ ਆਪਣੇ ਨਾਲ ਭੋਜਨ ਕਰਨ ਦੇ ਲਈ ਸੱਦ ਸਕਦਾ ਹੈ। ਪੌਲੁਸ ਨੇ ਦੱਸਿਆ ਕਿ ਇੱਕ ਮਸੀਹੀ ਨੂੰ ਕੀ ਕਰਨਾ ਚਾਹੀਦਾ ਹੈ **ਜਦੋਂ ਕੋਈ** [ਉਸ ਨੂੰ] **[ਕਹੇ],** "ਇਹ ਭੇਟ ਕਰਕੇ ਚੜ੍ਹਾਈ ਗਈ ਸੀ।" "ਕੋਈ" ਤੋਂ ਸਭ ਤੋਂ ਵੱਧ ਸੰਭਾਵਨਾ "ਅਵਿਸ਼ਵਾਸੀ" ਹੈ ਜਿਸ ਨੇ 10:27. ਇੱਕ ਮਸੀਹੀ ਨੂੰ ਆਪਣੇ ਰਾਤ ਦੇ ਖਾਣੇ ਦੇ ਮਹਿਮਾਨ ਦੇ ਰੂਪ ਵਿਚ ਸੱਦਦਾ ਸੀ।[15] ਉਸ ਸਹੀ ਮੌਕੇ ਤੇ, ਹੋਰਨਾਂ ਮਹਿਮਾਨਾਂ ਦੀ ਮੌਜੂਦਗੀ ਵਿਚ, ਮੇਜ਼ਬਾਨ ਮਸੀਹੀ ਨੂੰ ਕਹਿ ਸੱਕਦਾ ਹੈ, "ਇਹ ਭੇਟ ਕਰਕੇ ਚੜ੍ਹਾਈ ਗਈ ਸੀ।"[16] ਆਪਣੀ

ਨਿਜੀ ਸੱਚਾਈ ਅਤੇ ਵਿਸ਼ਵਾਸ ਦੀ ਅਖੰਡਤਾ ਦੇ ਲਈ ਜਿਸ ਨੂੰ ਉਹ ਦਰਸਾਉਂਦਾ ਹੈ, ਮਸੀਹੀ ਨੂੰ, ਜਦੋਂ ਉਸ ਨੂੰ ਦੱਸਿਆ ਜਾਂਦਾ ਹੈ ਕਿ ਇਹ ਮਾਸ ਮੂਰਤੀ ਨੂੰ ਚੜ੍ਹਾਈ ਗਈ ਭੇਟ ਹੈ, ਤਾਂ ਉਸ ਨੂੰ ਉਸ ਦੇ ਨਾਲ ਕੋਈ ਲੈਣ-ਦੇਣ ਨਹੀਂ ਰੱਖਣਾ ਚਾਹੀਦਾ।

ਅਜਿਹੀ ਸਥਿਤੀ ਵਿਚ, ਮਸੀਹੀ ਆਪਣੇ ਆਪ ਨੂੰ ਇੱਕ ਬਹੁਤ ਹੀ ਪੇਚੀਦਾ ਹਾਲਤ ਵਿਚ ਮਹਿਸੂਸ ਕਰੇਗਾ। ਜਦੋਂ ਇੱਕ ਵਾਰ ਉਹ ਜਾਣ ਜਾਂਦਾ ਹੈ ਕਿ ਉਹ ਮਾਸ ਮੂਰਤੀ ਨੂੰ ਭੇਟ ਕੀਤਾ ਹੋਇਆ ਸੀ, ਤਾਂ ਉਸ ਦਾ ਖਾਣਾ ਇਸ ਗੱਲ ਨੂੰ ਦੱਸੇਗਾ ਕਿ ਉਹ ਦੂਸਰੇ ਦੇਵਤੇ ਦਾ ਸਮਰਥਨ ਕਰਦਾ ਹੈ। ਜਦੋਂ ਪੌਲੁਸ ਨੇ ਜ਼ੋਰ ਦੇ ਕੇ ਕਿਹਾ ਕਿ ਮਸੀਹੀਆਂ ਨੂੰ ਆਪਣੇ ਸ਼ੁੱਧ ਏਕਈਸ਼ਵਰਵਾਦ ਦੇ ਨਾਲ ਕੋਈ ਸਮਝੌਤਾ ਨਹੀਂ ਕਰਨਾ ਚਾਹੀਦਾ ਹੈ, ਉਸ ਨੇ ਇੱਕ ਵਾਰ ਫਿਰ "ਅੰਤਹਕਰਨ" ਨੂੰ ਖੋਲ੍ਹਿਆ ਕਿ ਉਹ ਸਿਰਫ ਪਰਮੇਸ਼ੁਰ ਦੀ ਹੀ ਉਪਾਸਨਾ ਕਰਦੇ ਹਨ (10:28)। ਮਸੀਹੀ ਨੂੰ "ਉਸ ਦੱਸਣ ਵਾਲੇ ਦੇ ਕਾਰਨ ਅਤੇ ਅੰਤਹਕਰਨ ਦੇ ਕਾਰਨ" ਨਹੀਂ ਖਾਣਾ ਚਾਹੀਦਾ ਸੀ। ਵਿਸ਼ਵਾਸੀ ਦੇ ਇਨਕਾਰ ਦਾ ਮੇਜ਼ਬਾਨ ਦੇ ਲਈ ਕੀ ਅਰਥ ਹੈ?

**ਆਇਤ 29.** ਪੌਲੁਸ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ (ਜਿਵੇਂ ਪਹਿਲੇ ਵਾਕ ਦਾ **ਮੈਂ ਕਹਿੰਦਾ ਹਾਂ ਦਾ ਭਾਵ) ਕਿ ਮਸੀਹੀ ਨੂੰ ਇਸ ਅਵਿਸ਼ਵਾਸੀ** ਦੇ ਅੰਤਹਕਰਨ ਦੇ ਕਾਰਨ ਨਹੀਂ ਖਾਣਾ ਚਾਹੀਦਾ ਹੈ ਜਿਸਨੇ ਉਸ ਨੂੰ ਦਾਅਵਤ ਤੇ ਸੱਦਿਆ ਅਤੇ ਫਿਰ ਮਾਸ ਦੇ ਸਰੋਤ ਨੂੰ ਪਰਗਟ ਕਰ ਦਿੱਤਾ ਸੀ।

ਪੌਲੁਸ ਇਹ ਮੰਨ ਰਿਹਾ ਸੀ ਕਿ ਇੱਕ ਅਵਿਸ਼ਵਾਸੀ ਨੇ ਇੱਕ ਮਸੀਹੀ ਨੂੰ ਨਵੇਂ ਮਸੀਹੀ ਧਰਮ ਦੇ ਪ੍ਰਤਿ ਦੁਸ਼ਮਣੀ ਅਤੇ ਜਾਂ ਨਫ਼ਰਤ ਦੇ ਮਾਹੌਲ ਵਿਚ ਖਾਣਾ ਖਾਣ ਦੇ ਲਈ ਸੱਦਾ ਦਿੱਤਾ ਸੀ। ਉਸ ਨੇ ਕਲਪਨਾ ਕੀਤੀ ਕਿ ਸੱਦੇ ਦਾ ਅਰਥ ਇੱਕ ਮਸੀਹੀ ਦਾ ਜਨਤਕ ਪ੍ਰਦਰਸ਼ਨ ਕਰਨਾ ਹੋਵੇਗਾ। ਜੇਕਰ ਮਸੀਹੀ ਜਾਣਦੇ ਹੋਏ ਮੂਰਤੀ ਦੇ ਸਾਹਮਣੇ ਚੜ੍ਹਾਏ ਗਏ ਮਾਸ ਨੂੰ ਖਾਵੇਗਾ ਤਾਂ – ਗੈਰ-ਮਸੀਹੀ ਦੇ "ਅੰਤਹਕਰਨ" – ਵਿਚ ਉਸ ਦੇ ਸਨਮਾਨ ਦੀ ਭਾਵਨਾ ਹੋਰ ਵੀ ਵੱਧ ਜਾਵੇਗੀ।

ਕਿਉਂਕਿ ਮਸੀਹੀ ਨੂੰ ਜਨਤਕ ਤਮਾਸ਼ੇ ਦੇ ਲਈ ਖਾਣ ਜਾਂ ਅਪਮਾਨਿਤ ਕਰਨ ਦੇ ਲਈ ਮਜ਼ਬੂਰ ਕੀਤਾ ਜਾਵੇਗਾ, ਮੇਜ਼ਬਾਨ ਉਮੀਦ ਕਰੇਗਾ ਕਿ ਮਸੀਹੀ ਆਪਣੇ ਆਪ ਦੇ ਨਾਲ ਸਮਝੌਤਾ ਕਰਕੇ ਖਾਵੇਗਾ। ਪੌਲੁਸ ਨੇ ਇਸ ਤੋਂ ਉਲਟ ਕਰਨ ਦੀ ਸਲਾਹ ਦਿੱਤੀ: ਕਿ ਉਹ ਆਪਣੀ ਖਰਿਆਈ ਉੱਤੇ ਖੜ੍ਹਾ ਹੋ ਜਾਵੇ, ਅਤੇ ਭੋਜਨ ਤੋਂ ਉੱਠ ਕੇ ਚਲਾ ਜਾਵੇ, ਅਤੇ ਮੂਰਤੀਪੂਜਾ ਦੇ ਲਈ ਆਪਣੇ ਮਨ ਦੇ ਵਿਚ ਨਫ਼ਰਤ ਨੂੰ ਸਪੱਸ਼ਟ ਕਰ ਦੇਵੇ। ਜੇਕਰ ਮਸੀਹੀ ਆਪਣੇ ਆਪ ਨੂੰ ਖਰਿਆਈ ਤੇ ਟਿਕਣ ਵਾਲਾ ਆਦਮੀ ਸਾਬਤ ਕਰ ਸਕੇਗਾ, ਤਾਂ ਸੂਚਨਾ ਦੇਣ ਵਾਲੇ ਦੀ ਬਦਨਾਮੀ ਹੋਵੇਗੀ। ਉਸ ਆਦਮੀ ਦੇ ਸਾਥੀ ਉਸ ਦੀ ਬੇਰਹਿਮ ਚਾਲ ਨੂੰ ਵੇਖਣਗੇ, ਉਸ ਦਾ ਹੰਕਾਰ ਤੋੜਿਆ ਜਾਵੇਗਾ, ਅਤੇ ਉਸ ਦੇ ਇੱਕ ਬੁਰੇ "ਅੰਤਹਕਰਨ" ਦਾ ਪਰਗਟਾਵਾ ਹੋ ਜਾਵੇਗਾ।

ਸਵੈ-ਸਪੱਸ਼ਟ (γάρ, *ਗਾਰ,* "ਇਸ ਲਈ"), ਪੌਲੁਸ ਪਹਿਲੇ ਦੋ ਪ੍ਰਸ਼ਨ ਪੁੱਛਦਾ ਹੈ: **ਜੋ ਮੇਰੀ ਅਜ਼ਾਦੀ ਦੂਜੇ ਦੇ ਅੰਤਹਕਰਨ ਤੋਂ ਕਿਉਂ ਜਾਂਚੀ ਜਾਂਦੀ ਹੈ?** ਪੌਲੁਸ ਦੀ ਜਾਂ ਕਿਸੇ ਹੋਰ ਮਸੀਹੀ ਦੀ ਅਜ਼ਾਦੀ ਕਿਉਂ ਸੀਮਿਤ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਉਸ ਦੇ ਅੰਤਹਕਰਨ ਨੂੰ ਸ਼ੁੱਧ ਕੀਤਾ ਜਾ ਸਕੇ ਜਿਸ ਨੇ ਉਸ ਦਾ ਅਪਮਾਨ ਕੀਤਾ ਸੀ? ਰਸੂਲ ਨੇ ਮਸੀਹੀਆਂ ਨੂੰ ਆਪਣੀ ਵਚਨਬੱਧਤਾ ਦੇ ਅਨੁਸਾਰ ਚੱਲਣ ਦਾ ਹੁਕਮ ਦਿੱਤਾ। ਕਿਉਂਕਿ ਇੱਕ ਮਸੀਹੀ ਦੇ ਲਈ ਆਪਣੀ ਅਜ਼ਾਦੀ ਦੀ ਕੀਮਤ ਤੇ ਅਸੰਵੇਦਨਸ਼ੀਲ ਮੇਜ਼ਬਾਨ ਦੀ ਨੇਕਨਾਮੀ ਨੂੰ

ਬਚਾਉਣਾ ਆਪਣੇ ਵਿਸ਼ਵਾਸ ਦਾ ਇੱਕ ਅਜਿਹਾ ਸਮਝੌਤਾ ਹੋਵੇਗਾ ਜਿਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕੇਗਾ।

**ਆਇਤ 30.** ਫਿਰ ਪੌਲੁਸ ਨੇ ਪੁੱਛਿਆ, **ਜਿਹ ਦੇ ਲਈ ਮੈਂ ਧੰਨਵਾਦ ਕਰਦਾ ਹਾਂ ਉਹ ਦੇ ਲਈ ਮੇਰੀ ਨਿੰਦਿਆ ਕਿਉਂ ਹੁੰਦੀ ਹੈ?** ਹਾਲਾਂਕਿ ਉਹ **ਧੰਨਵਾਦ ਕਰ ਕੇ ਭੋਜਨ ਪਾਉਂਦਾ** ਹੈ, ਉਹ ਅਧਿਕਾਰ ਉਸ ਅਵਿਸ਼ਵਾਸੀ ਦੇ ਦੁਆਰਾ ਲੈ ਲਿਆ ਗਿਆ ਸੀ ਜਿਸ ਨੇ ਇਹ ਦੱਸਿਆ ਕਿ ਉਹ ਮਾਸ ਇੱਕ ਮੂਰਤੀ ਦੇ ਸਾਹਮਣੇ ਚੜ੍ਹਾਇਆ ਗਿਆ ਸੀ।

ਇਸ ਸਥਿਤੀ ਦੇ ਵਿਸ਼ੇ ਵਿਚ ਪੌਲੁਸ ਨੇ ਜੋ ਅਲੰਕਾਰਪੂਰਣ ਪ੍ਰਸ਼ਨ ਪੁੱਛੇ ਉਹ ਇੱਕ ਤਰ੍ਹਾਂ ਦੇ ਨਾਲ ਵਿਰੋਧ ਸਨ। ਇੱਕ ਮਸੀਹੀ ਦੀ ਅਜ਼ਾਦੀ ਨੂੰ ਸੀਮਾਬੱਧ ਕਿਉਂ ਕੀਤਾ ਜਾਣਾ ਚਾਹੀਦਾ ਹੈ? ਪਰਮੇਸ਼ੁਰ ਦੇ ਪ੍ਰਤਿ ਸ਼ੁਕਰਗੁਜ਼ਾਰ ਹੋ ਕੇ ਭੋਜਨ ਖਾਣ ਦੇ ਕਾਰਨ ਇੱਕ ਮਸੀਹੀ ਦੀ ਆਲੋਚਨਾ ਕਿਉਂ ਕੀਤੀ ਜਾਣੀ ਚਾਹੀਦੀ ਸੀ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਸਵੈ-ਸਪੱਸ਼ਟ ਹਨ। ਮਸੀਹੀ ਦਾ ਅਜ਼ਾਦੀ ਦਾ ਕਿਸੇ ਦੂਸਰੇ ਦੇ ਦੁਆਰਾ ਨਿਆਂ ਨਹੀਂ ਹੋਣਾ ਚਾਹੀਦਾ ਹੈ, ਨਾ ਹੀ ਉਸ ਦੀ ਉਸ ਭੋਜਨ ਦਾ ਅਨੰਦ ਲੈਣ ਦੇ ਲਈ ਨਿੰਦਾ ਕੀਤੀ ਜਾਣੀ ਚਾਹੀਦੀ ਹੈ ਜਿਸ ਦੇ ਲਈ ਉਸ ਨੇ ਪਰਮੇਸ਼ੁਰ ਨੂੰ ਧੰਨਵਾਦ ਦਿੱਤਾ ਸੀ। ਪਰ, ਜਿਵੇਂ ਪੌਲੁਸ ਨੇ ਪਹਿਲਾਂ ਤੋਂ ਹੀ ਦੱਸਿਆ ਸੀ, ਇਸ ਰਾਤ ਦੇ ਭੋਜਨ ਦੇ ਮਹਿਮਾਨ ਨੂੰ ਆਪਣੇ ਵਿਸ਼ਵਾਸ ਦੇ ਨਾਲ ਸਮਝੌਤਾ ਕਰਨ ਅਤੇ ਆਪਣੀ ਅਜ਼ਾਦੀ ਨੂੰ ਤਿਆਗ ਦੇਣ ਦੇ ਵਿਚਕਾਰ ਚੋਣ ਕਰਨ ਦਾ ਸਾਹਮਣਾ ਕਰ ਰਿਹਾ ਸੀ। ਅਜਿਹੀ ਹਾਲਤ ਵਿਚ, ਉਸ ਨੂੰ ਸੱਚੇ ਪਰਮੇਸ਼ੁਰ ਤੇ ਆਪਣੇ ਵਿਸ਼ਵਾਸ ਨੂੰ ਜ਼ਾਹਿਰ ਕਰਨ ਦੇ ਲਈ ਉਸ ਭੋਜਨ ਨੂੰ ਖਾਣ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ। ਮਸੀਹੀ ਦੀ ਅਜ਼ਾਦੀ ਦਾ ਇਹ ਅਰਥ ਨਹੀਂ ਹੈ ਕਿ ਉਹ ਸਭ ਪਾਬੰਦੀਆਂ ਤੋਂ ਮੁਕਤ ਹੈ।

## "ਪਰਮੇਸ਼ੁਰ ਦੀ ਵਡਿਆਈ ਲਈ ਕਰੋ" (10:31-33)

**31ਸੋ ਭਾਵੇਂ ਤੁਸੀਂ ਖਾਂਦੇ ਭਾਵੇਂ ਪੀਂਦੇ ਭਾਵੇਂ ਕੁਝ ਹੀ ਕਰਦੇ ਹੋ ਸੱਭੋ ਕੁਝ ਪਰਮੇਸ਼ੁਰ ਦੀ ਵਡਿਆਈ ਲਈ ਕਰੋ। 32ਤੁਸੀਂ ਨਾ ਯਹੂਦੀਆਂ, ਨਾ ਯੂਨਾਨੀਆਂ, ਨਾ ਪਰਮੇਸ਼ੁਰ ਦੀ ਕਲੀਸਿਯਾ ਦੇ ਲਈ ਠੋਕਰ ਦੇ ਕਾਰਨ ਬਣੋ। 33ਜਿਵੇਂ ਮੈਂ ਸਭਨਾਂ ਗੱਲਾਂ ਵਿੱਚ ਸਭਨਾਂ ਨੂੰ ਪਰਸੰਨ ਰੱਖਦਾ ਹਾਂ ਅਤੇ ਆਪਣੇ ਹੀ ਨਹੀਂ ਸਗੋਂ ਬਾਹਲਿਆਂ ਦੇ ਭਲੇ ਲਈ ਜਤਨ ਕਰਦਾ ਹਾਂ ਜੋ ਓਹ ਬਚਾਏ ਜਾਣ ਤੁਸੀਂ ਮੇਰੀ ਰੀਸ ਕਰੋ ਜਿਵੇਂ ਮੈਂ ਵੀ ਮਸੀਹ ਦੀ ਰੀਸ ਕਰਦਾ ਹਾਂ।**

ਜਿਵੇਂ ਜਿਵੇਂ ਯੂਨਾਨੀ-ਰੋਮੀ ਸੰਸਾਰ ਵਿਚ ਇੰਜੀਲ ਦਾ ਪ੍ਰਚਾਰ ਫੈਲ ਰਿਹਾ ਸੀ, ਪੌਲੁਸ ਸਮਝ ਗਿਆ ਕਿ ਮਸੀਹੀਆਂ ਦੀ ਨਿਰੰਤਰ ਪਰੀਖਿਆ ਹੋਵੇਗੀ। ਬਦਨਾਮੀ ਅਤੇ ਸੰਘਰਸ਼ ਉਨ੍ਹਾਂ ਨੂੰ ਘੇਰ ਲੈਣਗੇ। ਦਹਾਕਿਆਂ ਦੌਰਾਨ ਪੌਲੁਸ ਦੀ ਸੇਵਕਾਈ ਦੇ ਪਿੱਛੋਂ, ਕਲੀਸੀਆ ਨੂੰ ਅੰਦਰੂਨੀ ਮਤਭੇਦਾਂ ਅਤੇ ਬਾਹਰੀ ਦਬਾਅ ਦੇ ਨਾਲ ਹਿਲਾਇਆ ਜਾਵੇਗਾ। ਦੂਸਰੀ ਸ਼ਤਾਬਦੀ ਦੇ ਅੰਤ ਦੇ ਨੇੜੇ, ਟਰਟੂਲੀਆਨ, ਕਾਰਥੇਜ ਤੋਂ ਇੱਕ ਲੇਖਕ ਨੇ, ਉਨ੍ਹਾਂ ਲੋਕਾਂ ਦੀ ਸ਼ਿਕਾਇਤ ਕੀਤੀ ਜੋ ਇਹ ਵਿਸ਼ਵਾਸ ਕਰਦੇ ਸਨ ਕਿ ਸਮਾਜ ਦੇ ਉੱਤੇ ਆਉਣ ਵਾਲੀਆਂ ਸਾਰੀਆਂ ਮੁਸੀਬਤਾਂ ਦਾ ਕਾਰਨ ਮਸੀਹੀ ਲੋਕ ਹਨ:

> ਜੇਕਰ ਟੀਬਰ ਨਦੀ ਸ਼ਹਿਰ ਦੀਆਂ ਕੰਧਾਂ ਜਿੰਨੀ ਉੱਚੀ ਉੱਠਦੀ ਹੈ, ਜੇ ਨੀਲ ਦਰਿਆ ਖੇਤਾਂ

ਵਿਚ ਆਪਣਾ ਪਾਣੀ ਨਹੀਂ ਭੇਜਦਾ ਹੈ, ਜੇਕਰ ਅਕਾਸ਼ ਮੀਂਹ ਨਹੀਂ ਵਰ੍ਹਾਉਂਦੇ ਹਨ, ਜੇਕਰ ਇੱਕ ਭੁਚਾਲ ਆਉਂਦਾ ਹੈ, ਜੇਕਰ ਉੱਥੇ ਅਕਾਲ ਜਾਂ ਮਰੀ ਹੈ, ਤਾਂ ਸਿੱਧਾ ਰੋਣਾ ਹੈ, "ਸ਼ੇਰ ਦੇ ਨਾਲ ਰਹਿਣ ਤੋਂ ਅਤੇ ਮਸੀਹੀ ਦੇ ਕੋਲ ਰਹਿਣ ਤੋਂ ਦੂਰ ਰਹੋ"![17]

ਅੱਜ ਦੁਨੀਆਂ ਵਿਚ, ਮਸੀਹੀ ਹੋਣ ਦੇ ਨਾਤੇ ਸਾਨੂੰ ਸਾਰੀ ਸਦਭਾਵਨਾ ਨੂੰ ਇਕੱਠਾ ਕਰ ਲੈਣ ਦੀ ਲੋੜ ਹੈ। ਸਭ ਤੋਂ ਵੱਡੀ ਗੱਲ ਹੈ, ਕਿ ਜਦੋਂ ਅਸੀਂ ਪਰਮੇਸ਼ੁਰ ਨੂੰ ਪਸੰਦ ਆਉਣ ਵਾਲਾ ਜੀਵਨ ਜੀਉਣਾ ਚਾਹੁੰਦੇ ਹਾਂ ਤਾਂ ਸਾਨੂੰ ਚੰਗੇ ਗੁਆਂਢੀ ਬਣਨਾ ਚਾਹੀਦਾ ਹੈ (ਵੇਖੋ ਰੋਮੀਆਂ 12:18)।

**ਆਇਤ 31.** ਰਸੂਲ ਨੇ ਦੋ ਚੇਤਾਵਨੀਆਂ ਦੇ ਨਾਲ ਜੋ 8:1 ਵਿਚ ਸ਼ੁਰੂ ਹੋਈਆਂ "ਮੂਰਤੀਆਂ ਦੀਆਂ ਭੇਟਾਂ" ਦੇ ਵਿਖੇ ਆਪਣੀਆਂ ਟਿੱਪਣੀਆਂ ਦਾ ਸਾਰ ਦਿੱਤਾ। ਉਹ ਇੱਕ ਸਪੱਸ਼ਟ ਪ੍ਰਾਰਥਮਿਕਤਾ ਤੋਂ ਉਭਰ ਰਿਹਾ **ਹੈ ਸੱਭੋ ਕੁਝ ਪਰਮੇਸ਼ੁਰ ਦੀ ਵਡਿਆਈ ਲਈ ਕਰੋ।** ਪਰਮੇਸ਼ੁਰ ਦੀ ਮਹਿਮਾ ਦਾ ਉਦੇਸ਼ ਭੂਤਾਂ ਦੀ ਮੇਜ਼ ਵਿਚ ਵਿਚੋਂ ਖਾਣ-ਪੀਣ ਵਿਚ ਹਿੱਸਾ ਲੈਣ ਨਾਲ ਅਸੰਗਤ ਹੈ (10:20, 21)। ਇਸ ਤੋਂ ਇਲਾਵਾ, ਇੱਕ ਵਿਸ਼ਵਾਸੀ ਦੇ ਲਈ ਆਪਣੇ ਅਧਿਕਾਰਾਂ ਤੇ ਜ਼ੋਰ ਦੇਣਾ ਅਤੇ ਕਮਜ਼ੋਰਾਂ ਦੇ ਉੱਤੇ ਆਪਣੇ ਕੰਮਾਂ ਦੇ ਪ੍ਰਭਾਵਾਂ ਨੂੰ ਨਜ਼ਰਅੰਦਾਜ ਕਰਨਾ ਅਨੁਚਿਤ ਸੀ, ਭਾਵੇਂ ਉਹ ਵਿਸ਼ਵਾਸੀ ਜਾਂ ਗੈਰ ਵਿਸ਼ਵਾਸੀ ਹੋਣ। ਬੇਸ਼ੱਕ, ਜੋ ਲੋਕ ਮੂਰਤੀਆਂ ਦੀ ਸੇਵਾ ਕਰਦੇ ਸਨ ਉਹ ਇਸ ਗੱਲ ਤੋਂ ਨਰਾਜ਼ ਹੁੰਦੇ ਹੋਣਗੇ ਕਿ ਮਸੀਹੀ ਉਨ੍ਹਾਂ ਦੇ ਮੰਦਰਾਂ ਵਿਚੋਂ **ਖਾਂਦੇ** ਜਾਂ **ਪੀਂਦੇ** ਨਹੀਂ ਸਨ। ਅਪਰਾਧ ਤੋਂ ਹਮੇਸ਼ਾ ਬਚਿਆ ਨਹੀਂ ਜਾ ਸਕਦਾ ਹੈ, ਪਰ ਮਸੀਹੀਆਂ ਨੂੰ ਆਪਣੇ ਅਤੇ ਗੈਰ-ਵਿਸ਼ਵਾਸੀਆਂ ਵਿਚਕਾਰ ਰੁਕਾਵਟਾਂ ਬਣਾਉਣ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮਾਰਟਿਨ ਲੂਥਰ ਦੇ ਲਈ, ਲਿਖਤ ਦੀ ਵਿਆਖਿਆ ਨੂੰ ਇਸ ਵਿਚਾਰ ਦੇ ਵਿਚ "ਜੋ ਕੁਝ ਮਸੀਹ ਦੇ ਬਾਰੇ ਦੱਸਦਾ ਹੈ ਜਾਂ ਮਸੀਹ ਨੂੰ ਉੱਚਾ ਉਠਾਉਂਦਾ ਹੈ।" ਨਿਚੋੜ ਦਿੱਤਾ ਗਿਆ ਹੈ। ਇਹ ਧਾਰਣਾ ਪੌਲੁਸ ਦੀ ਇੱਛਾ ਦੇ ਸਮਾਨ ਹੈ ਕਿ ਵਿਸ਼ਵਾਸੀ ਲੋਕੋ "ਸੱਭੋ ਕੁਝ ਪਰਮੇਸ਼ੁਰ ਦੀ ਵਡਿਆਈ ਲਈ ਕਰੋ।"

**ਆਇਤ 32.** ਇਸ ਮੌਕੇ ਤੇ, ਇੱਕ ਮਸੀਹੀ ਨੂੰ ਪਰਮੇਸ਼ੁਰ ਦੀ ਮਹਿਮਾ ਦੇ ਲਈ ਕੰਮ ਕਰਨ ਨੂੰ ਜਾਂ **ਨਾ ਯਹੂਦੀਆਂ, ਨਾ ਯੂਨਾਨੀਆਂ ਲਈ ਠੋਕਰ ਦੇ ਕਾਰਨ ਨਾ** ਬਣਨ ਨੂੰ ਚੁਣਨ ਦੀ ਲੋੜ ਹੋ ਸਕਦੀ ਹੈ। ਅਜਿਹੇ ਮਾਮਲੇ ਵਿਚ, ਪਰਮੇਸ਼ੁਰ ਦੀ ਮਹਿਮਾ ਪਹਿਲੇ ਦਰਜੇ ਤੇ ਆਉਣੀ ਚਾਹੀਦੀ ਹੈ। ਇਹ ਗੱਲ ਪੱਕੀ ਹੈ ਕਿ ਜੋ ਕੁਝ ਵੀ ਇੱਕ ਮਸੀਹੀ ਕਰੇਗਾ ਉਸ ਵਿਚ ਕੁਝ ਅਪਰਾਧ ਕਰੇਗਾ। ਪੌਲੁਸ ਨੇ ਸਲਾਹ ਦਿੱਤੀ ਕਿ ਜਦੋਂ ਘਿਣਾਉਣੇ ਕੰਮਾਂ ਨੂੰ ਟਾਲਿਆ ਜਾ ਸਕਦਾ ਸੀ, ਤਾਂ ਇੱਕ ਮਸੀਹੀ ਨੂੰ "ਠੋਕਰ ਦੇ ਕਾਰਨ" ਨਾ ਬਣਨ ਨੂੰ ਆਪਣੇ ਮਨ ਵਿਚ ਰੱਖਣਾ ਚਾਹੀਦਾ ਸੀ। ਰਸੂਲ ਨੇ ਪਹਿਲਾਂ ਤਰਕ ਨੂੰ ਸਮਝਾਇਆ। ਮਸੀਹ ਦੇ ਪ੍ਰਤਿ ਆਪਣੀ ਵਚਨਬੱਧਤਾ ਦੇ ਘੇਰੇ ਵਿਚ, ਪੌਲੁਸ ਯਹੂਦੀਆਂ ਦੇ ਲਈ ਇੱਕ ਯਹੂਦੀ ਬਣ ਗਿਆ ਸੀ, ਸ਼ਰਾ ਹੀਣਾਂ ਲਈ "ਸ਼ਰਾ ਹੀਣ ਜਿਹਾ", ਅਤੇ ਨਿਤਾਣਿਆਂ ਲਈ ਨਿਤਾਣਾ ਬਣ ਗਿਆ। ਉਸ ਨੇ ਬਿਨਾਂ ਠੋਕਰ ਖੁਵਾਏ ਜੀਉਣ ਦੀ ਕੋਸ਼ਿਸ਼ ਕੀਤੀ ਸੀ ਤਾਂਕਿ "ਹਰ ਤਰਾਂ ਨਾਲ" ਮੁਕਤੀ ਦੇ ਲਈ ਰੂਹਾਂ ਨੂੰ ਮਸੀਹ ਦੇ ਕੋਲ ਲਿਆ ਸਕੇ (9:20-23)।

**ਆਇਤ 33.** ਭਾਵੇਂ ਪ੍ਰਚਾਰਕ ਇਸ ਨੂੰ ਪਸੰਦ ਕਰੇ ਜਾਂ ਨਾ ਕਰੇ, ਅਤੇ ਭਾਵੇਂ ਉਹ ਇਸ ਦੇ ਲਈ ਤਿਆਰ ਹੋਵੇ ਭਾਵੇਂ ਨਾ ਹੋਵੇ, ਪਰ ਉਹ ਜੋ ਕਹਿੰਦਾ ਹੈ ਉਸ ਦਾ ਮੁਲਾਂਕਣ ਉਸ ਦੇ ਨਾਲ ਕੀਤਾ ਜਾਵੇਗਾ ਜੋ ਉਹ ਕਰਦਾ ਹੈ। ਪੌਲੁਸ ਨੂੰ ਆਦਰ ਦੇਣ ਦੇ ਲਈ, ਉਹ ਜ਼ਿੰਮੇਵਾਰੀ

ਨੂੰ ਗ੍ਰਹਿਣ ਕਰਨਾ ਚਾਹੁੰਦਾ ਸੀ। ਅਧਿਆਇ 9 ਤੋਂ, ਅਸੀਂ ਆਪਣੀ ਉਦਾਹਰਣ ਦੇ ਲਈ ਰਸੂਲ ਦੀ ਅਪੀਲ ਨੂੰ ਵੇਖਦੇ ਆਏ ਹਾਂ। ਉਸ ਨੇ ਦਲੀਲ ਦਿੱਤੀ ਕਿ ਮਸੀਹੀਆਂ ਦੀ ਸਭ ਤੋਂ ਪਹਿਲੀ ਪ੍ਰਮੁੱਖਤਾ ਕਿਸੇ ਦੇ ਹੱਕਾਂ ਤੇ ਜ਼ੋਰ ਦੇਣਾ ਨਹੀਂ ਹੈ। ਉਸ ਨੇ ਕੁਰਿੰਥੁਸ ਦੇ ਮਸੀਹੀਆਂ ਨੂੰ ਇਹ ਕਹਿਣ ਦੀ ਹਿੰਮਤ ਕੀਤੀ ਸੀ, "ਸੋ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਜੋ ਤੁਸੀਂ ਮੇਰੀ ਰੀਸ ਕਰੋ" (4:16)। ਇਹ ਉਨ੍ਹਾਂ ਲੋਕਾਂ ਦੇ ਲਈ ਉਚਿਤ ਹੈ ਜੋ ਇੰਜੀਲ ਨੂੰ ਸੁਣਦੇ ਹਨ ਕਿ ਉਨ੍ਹਾਂ ਦੇ ਸਿਖਾਉਣ ਵਾਲੇ ਇਸ ਗੱਲ ਦੀ ਆਸ ਕਰਨ ਕਿ ਉਹ ਆਪਣੇ ਜੀਵਨਾਂ ਵਿਚ ਇੰਜੀਲ ਨੂੰ ਗੰਭੀਰਤਾ ਪੂਰਣ ਗ੍ਰਹਿਣ ਕਰਨ। ਹਰ ਪ੍ਰਚਾਰਕ ਦੀ ਪ੍ਰਭਾਵਸ਼ੀਲਤਾ ਨੂੰ ਕੁਝ ਹੱਦ ਤਕ ਉਸ ਦੀ ਇਹ ਕਹਿਣ ਦੀ ਕਾਬਲੀਅਤ ਦੇ ਦੁਆਰਾ ਮਾਪਿਆ ਜਾ ਸਕਦਾ ਹੈ ਕਿ ਉਹ **ਆਪਣੇ ਹੀ ਨਹੀਂ ਸਗੋਂ ਬਾਹਲਿਆਂ ਦੇ ਭਲੇ ਲਈ ਜਤਨ ਕਰਦਾ ਹੈ ਜੋ ਓਹ ਬਚਾਏ ਜਾਣ।**

# ਪ੍ਰਾਸੰਗਿਕਤਾ

### ਉਚਿਤ ਅਤੇ ਲਾਭਦਾਇਕ ਜੀਵਨ

ਪੌਲੁਸ ਨੇ ਕਿਹਾ, "ਸਾਰੀਆਂ ਵਸਤਾਂ ਉਚਿਤ ਹਨ ਪਰ ਸੱਭੇ ਲਾਭਦਾਇਕ ਨਹੀਂ" (10:23)। ਕਈ ਵਾਰ ਉਹ ਚੀਜ਼ਾਂ ਜੋ ਬੋਲੀਆਂ ਜਾਂਦੀਆਂ ਹਨ ਜਾਂ ਕੀਤੀਆਂ ਜਾਂਦੀਆਂ ਹਨ ਤਕਨੀਕੀ ਤੌਰ ਤੇ ਗਲਤ ਨਹੀਂ ਹੁੰਦੀਆਂ ਹਨ, ਪਰ ਨਾ ਹੀ ਉਹ ਇਸ ਮੌਕੇ ਦੇ ਲਈ ਉਚਿਤ ਵੀ ਨਹੀਂ ਹੁੰਦੀਆਂ ਹਨ। ਇੱਕ ਗੁਆਂਢੀ ਦੇ ਨਾਲ ਪਿਆਰ ਕਰਨ ਦੇ ਲਈ ਇੱਕ ਮਸੀਹੀ ਨੂੰ ਚਾਹੀਦਾ ਹੈ ਕਿ ਜੋ ਉਹ ਕਰਨ ਜਾਂ ਕਹਿਣ ਵਾਲਾ ਹੈ ਉਸ ਦਾ ਕੀ ਪ੍ਰਭਾਵ ਪਵੇਗਾ ਅਤੇ ਉਸ ਨੂੰ ਚਾਹੀਦਾ ਹੈ ਕਿ ਹਰ ਅਨੁਚਿਤ ਚੀਜ਼ ਨੂੰ ਕੱਢ ਦੇਵੇ।

ਉਹ ਭੇਦ ਭਾਵ ਜੋ ਇੱਕ ਮਸੀਹੀ ਦੀ ਮਦਦ ਕਰਦਾ ਹੈ ਕਿ ਉਹ ਆਪਣੇ ਬੋਲ-ਚਾਲ ਅਤੇ ਵਿਹਾਰ ਦੀ ਉਚਿਤਤਾ ਦੀ ਜਾਂਚ ਕਰੇ ਬਦਲਦਾ ਰਹਿੰਦਾ ਹੈ। ਇੱਕ ਛੋਟੇ ਝੁੰਡ ਜਾਂ ਕੁਝ ਨਜ਼ਦੀਕੀ ਮਿੱਤਰਾਂ ਵਿਚ ਜੋ ਬੋਲਚਾਲ ਅਤੇ ਵਿਹਾਰ ਉਚਿਤ ਜਾਪਦਾ ਹੈ ਹੋ ਸਕਦਾ ਹੈ ਕਿ ਉਹ ਇੱਕ ਵੱਡੀ ਭੀੜ ਵਿਚ ਸਹੀ ਨਾ ਹੋਵੇ।

ਆਪਣੇ ਮਾਮਲੇ ਦਾ ਤਰਕ ਦੇਣ ਦੇ ਲਈ ਕਿ ਮਸੀਹੀਆਂ ਨੂੰ ਦੂਸਰਿਆਂ ਦੀ ਚਿੰਤਾ ਕਰਨ ਦੇ ਕਾਰਨ ਆਪਣੇ ਅਧਿਕਾਰਾਂ ਨੂੰ ਛੱਡ ਦੇਣਾ ਚਾਹੀਦਾ ਹੈ, ਪੌਲੁਸ ਨੇ ਇੱਕ ਆਮ ਸੱਚਾਈ ਦੀ ਅਪੀਲ ਕੀਤੀ। ਹਰ ਇੱਕ ਚੀਜ਼ ਜੋ ਸਵੀਕਾਰ ਕਰਨ ਦੇ ਯੋਗ ਹੋ ਸਕਦੀ ਹੈ, ਹਰ ਇੱਕ ਚੀਜ਼ ਜਿਸ ਦੇ ਲਈ ਕੋਈ ਜਣਾ ਤਕਨੀਕੀ ਅਧਾਰ ਤੇ ਆਪਣੇ ਆਪ ਨੂੰ ਬਚਾਉਣ ਦੇ ਯੋਗ ਹੋ ਸਕਦਾ ਹੈ, ਜ਼ਰੂਰੀ ਨਹੀਂ ਹੈ ਕਿ ਉਸ ਦਾ ਸਿੱਟਾ ਸੁਣਨ ਵਾਲਿਆਂ ਦੀ ਤਰੱਕੀ ਹੀ ਹੋਵੇ (10:23)। ਰਸੂਲ ਦੇ ਦੁਆਰਾ ਨਿਰਧਾਰਤ ਕੀਤੇ ਗਏ ਸਿਧਾਂਤ ਮਸੀਹੀਆਂ ਨੂੰ ਨਿਜੀ ਵਿਵਸਥਾ ਦੇ ਲਈ ਕੁਝ ਕੰਮਾਂ ਅਤੇ ਸ਼ਬਦਾਂ ਨੂੰ ਅਲੱਗ ਰੱਖਣ ਦੀ ਸਿੱਖਿਆ ਦਿੰਦੇ ਹਨ। ਹਾਲਾਂਕਿ ਸਵੀਕਾਰਯੋਗ ਅਤੇ ਅਨੁਚਿਤ ਦੇ ਵਿਚਕਾਰ ਸਮਾਜ ਦੀ ਰੇਖਾ ਅਕਸਰ ਬਦਲਦੀ ਰਹਿੰਦੀ ਹੈ, ਮਸੀਹੀ ਨੂੰ ਇੱਕ ਉੱਚ ਦਰਜੇ ਦਾ ਫਰਕ ਬਣਾਈ ਰੱਖਣਾ ਚਾਹੀਦਾ ਹੈ ਅਤੇ ਇੱਕ ਉਚਿਤ ਵਿਹਾਰ ਦੀ ਉਦਾਹਰਣ ਬਣਨਾ ਚਾਹੀਦਾ ਹੈ।

**ਛੁਡਾਇਆਂ ਹੋਇਆਂ ਦੇ ਲਈ ਭਰੋਸੇ**

ਦਰਸ਼ਕ ਉਨ੍ਹਾਂ ਦਿਲਕਸ਼ ਪ੍ਰਦਸ਼ਣਾਂ ਦਾ ਅਨੰਦ ਮਾਣਦੇ ਹਨ ਜੋ ਤਾਲਮੇਲ, ਸੰਤੁਲਨ, ਸਮੇਂ ਅਤੇ ਅਥਲੈਟਿਕ ਹੁਨਰ ਨੂੰ ਪ੍ਰਦਰਸ਼ਿਤ ਕਰਦੇ ਹਨ। ਇੱਕ ਕਰਤਬ ਵਿਚ ਖਤਰੇ ਦੀ ਭਾਵਨਾ ਸਾਨੂੰ ਬੰਨ੍ਹ ਕੇ ਰੱਖਦੀ ਹੈ। ਸਮੇਂ ਦੀ ਗਣਨਾ ਵਿਚ ਇੱਕ ਸਕਿੰਟ ਦੀ ਚੂਕ ਇੱਕ ਗੰਭੀਰ ਸੱਟ ਜਾਂ ਮੌਤ ਤਕ ਵੀ ਪਹੁੰਚਾ ਸਕਦੀ ਹੈ। ਕੁਰਿੰਥੁਸ ਦੇ ਮਸੀਹੀਆਂ ਦੇ ਲਈ ਪੌਲੁਸ ਦੀ ਚਿੰਤਾ ਇਹੋ ਸੀ ਕਿ ਇੱਕ ਮਹੱਤਵਪੂਰਣ ਸਮੇਂ ਤੇ ਲਾਪਰਵਾਹ ਹੋ ਸਕਦੇ ਸਨ, ਜਿਸ ਦਾ ਸਿੱਟਾ ਆਤਮਿਕ ਮੌਤ ਹੋ ਸਕਦਾ ਸੀ। ਅਥਲੀਟਾਂ ਦੇ ਵਾਂਗ, ਮਸੀਹੀਆਂ ਨੂੰ ਸਦਾ-ਮੌਜੂਦ ਦੁਸ਼ਮਣ: ਆਤਮਸੰਤੁਸ਼ਟਤਾ ਦਾ ਸਾਹਮਣਾ ਕਰਨਾ ਪੈਂਦਾ ਹੈ। ਤੇਜ਼ ਹੁਨਰਾਂ ਦੀ, ਸਿਰਫ ਇੱਕ ਵਾਰ ਦੀ ਅਣਦੇਖੀ, ਮਹਾਂਕਸ਼ਟ ਦੇ ਲਈ ਕਾਫੀ ਹੈ। ਪਰਤਾਵਿਆਂ ਦੀ ਤਾਕਤ ਦੀ ਬੇਪਰਵਾਹੀ ਨੇ ਬਹੁਤ ਸਾਰੇ ਮਸੀਹੀਆਂ ਨੂੰ ਮੌਤ ਤੋਂ ਵੀ ਬੁਰੀ ਹਾਲਤ ਵਿਚ ਪਹੁੰਚਾ ਦਿੱਤਾ ਹੈ।

*ਮਾਫੀ ਦਾ ਭਰੋਸਾ।* ਮਸੀਹੀਆਂ ਨੂੰ ਪਾਪਾਂ ਦੀ ਮਾਫੀ ਦੇ ਲਈ ਮਸੀਹ ਦੀ ਸਮਰੱਥ ਤੇ ਭਰੋਸਾ ਕਰਨਾ ਚਾਹੀਦਾ ਹੈ। ਉਹ ਭਰੋਸਾ ਜੋ ਇਹ ਯਾਦ ਕਰਨ ਦੇ ਨਾਲ ਮਿਲਦਾ ਹੈ ਕਿ ਅਸੀਂ ਮਸੀਹ ਵਿਚ ਬਪਤਿਸਮਾ ਲਿਆ ਹੈ ਅਤੇ ਸਾਡੇ ਪਾਪ ਮਾਫ ਕੀਤੇ ਜਾ ਚੁੱਕੇ ਹਨ ਮਸੀਹੀ ਜੀਵਨ ਵਿਚ ਅਨੰਦ ਨੂੰ ਭਰ ਦਿੰਦਾ ਹੈ। ਪੌਲੁਸ ਦੇ ਮੁੜ ਭਰੋਸੇ ਦਾ ਸ਼ਬਦ ਉਸ ਦੀਆਂ ਸਾਰੀਆਂ ਪੱਤ੍ਰੀਆਂ ਵਿਚ ਖਿੰਡੇ ਹੋਏ ਹਨ। ਉਹ ਭਾਈਆਂ ਦੇ ਇੱਕ ਸਮੂਹ ਨੂੰ ਯਾਦ ਦਿਵਾਈ, "ਅਤੇ ਤੁਸੀਂ ਉਹ ਦੇ ਵਿਚ ਸੰਪੂਰਨ ਹੋ ਗਏ ਹੋ, . . . ਤੁਸੀਂ ਬਪਤਿਸਮਾ ਵਿੱਚ ਉਹ ਦੇ ਨਾਲ ਦੱਬੇ ਗਏ ਜਿਹ ਦੇ ਵਿੱਚ ਪਰਮੇਸ਼ੁਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸ ਨੇ ਉਹ ਨੂੰ ਮੁਰਦਿਆਂ ਵਿੱਚੋਂ ਉਠਾਇਆ ਤੁਸੀਂ ਉਹ ਦੇ ਨਾਲ ਉਠਾਏ ਵੀ ਗਏ" (ਕੁਲੁੱਸੀਆਂ 2:10-12)। ਹੋਰਨਾਂ ਮਸੀਹੀਆਂ ਨੂੰ, ਰਸੂਲ ਨੇ ਲਿਖਿਆ, "ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿੱਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ" (ਗਲਾਤੀਆਂ 3:27)।

ਜਦੋਂ ਇੱਕ ਪਛਚਾਤਾਪੀ ਵਿਸ਼ਵਾਸੀ ਆਪਣੇ ਆਪ ਨੂੰ ਬਪਤਿਸਮੇ ਵਿਚ ਸੌਂਪ ਕੇ ਪਰਮੇਸ਼ੁਰ ਦੀ ਆਗਿਆਕਾਰੀ ਕਰਦਾ ਹੈ, ਤਾਂ ਪਰਮੇਸ਼ੁਰ ਆਤਮਿਕ ਤੌਰ ਤੇ ਉਸ ਇਸਤਰੀ ਜਾਂ ਪੁਰਖ ਨੂੰ ਬਦਲ ਦਿੰਦਾ ਹੈ। ਇੱਕ ਪਾਪੀ, ਜੋ ਪਰਮੇਸ਼ੁਰ ਤੋਂ ਵੱਖਰਾ ਅਤੇ ਬੇਆਸ ਹੁੰਦਾ ਹੈ, ਉਹ ਬਪਤਿਸਮੇ ਵਿਚ ਪਾਣੀ ਦੇ ਵਿਚ ਉਤਰਣ ਦੇ ਦੁਆਰਾ ਯਿਸੂ ਦੇ ਲਹੂ ਦੇ ਨਾਲ ਸ਼ੁੱਧ ਹੋ ਸਕਦਾ ਹੈ। ਪਾਣੀ ਵਿਚੋਂ ਉਤਾਹਾਂ ਆ ਕੇ, ਇਹ ਨਵਾਂ ਮਸੀਹੀ ਉਸ ਦਾ ਹੋ ਜਾਂਦਾ ਹੈ। ਜੋ ਗੁਆਚ ਗਿਆ ਸੀ ਉਹ ਬਚ ਜਾਂਦਾ ਹੈ; ਮਰਿਆ ਹੋਇਆ ਜੀਵਨ ਵਿਚ ਪ੍ਰਵੇਸ਼ ਕਰਦਾ ਹੈ। ਬਪਤਿਸਮੇ ਵਿਚ, ਇੱਕ ਵਿਅਕਤੀ ਨਵਾਂ ਜੀਵਨ ਪ੍ਰਾਪਤ ਕਰਦਾ ਹੈ। ਮਸੀਹ ਦੇ ਨਾਲ ਦਫ਼ਨਾਇਆ ਜਾ ਕੇ, ਪੁਰਾਣਾ ਮਨੁੱਖ ਮਰ ਜਾਂਦਾ ਹੈ ਅਤੇ ਇੱਕ ਨਵਾਂ ਮਨੁੱਖ ਇੱਕ ਵੱਖਰੇ ਜੀਵਨ ਦੇ ਨਾਲ ਅੱਗੇ ਆਉਂਦਾ ਹੈ। ਮਸੀਹੀ ਲੇਲੇ ਦੇ ਲਹੂ ਦੀ ਛੱਤਰੀ ਹੇਠ ਖੜੇ ਹਨ। ਅਸੀਂ ਖ਼ੁਸ਼ੀ ਦੇ ਸ਼ਬਦਾਂ ਦੇ ਨਾਲ ਗਾਉਂਦੇ ਹਾਂ, "ਉੱਥੇ ਸ਼ਕਤੀ ਹੈ, ਸ਼ਕਤੀ ਹੈ, . . . ਲੇਲੇ ਦੇ ਕੀਮਤੀ ਲਹੂ ਵਿਚ।"[18] ਬਪਤਿਸਮਾ ਇੱਕ ਸਥਿਰ ਤਸੱਲੀ ਦਿੰਦਾ ਹੈ ਕਿ ਇੱਕ ਵਿਸ਼ਵਾਸੀ ਬਚਾਏ ਹੋਏ ਅਤੇ ਮਾਫ ਕੀਤੇ ਹੋਏ ਲੋਕਾਂ ਦਾ ਇੱਕ ਹਿੱਸਾ ਹੈ।

ਇਹ ਸਭ ਕੁਝ ਪੌਲੁਸ ਜਾਣਦਾ ਸੀ, ਅਤੇ ਕੁਰਿੰਥੁਸ ਦੇ ਮਸੀਹੀ ਵੀ ਜਾਣਦੇ ਸਨ। ਪਰ, ਪੌਲੁਸ ਇਹ ਵੀ ਜਾਣਦਾ ਸੀ ਕਿ ਬਪਤਿਸਮੇ ਵਿਚ ਮਸੀਹ ਦੇ ਨਾਲ ਮਿਲ ਕੇ ਇਹ ਯਾਦ

ਦੁਆਇਆ ਜਾਣ ਵਾਲਾ ਭਰੋਸਾ ਇੱਕ ਸੰਭਾਵੀ ਖਤਰਾ ਹੈ: ਅਨੁਚਿਤਤਾ ਦੀਆਂ ਧਮਕੀਆਂ। ਕੁਝ ਲੋਕ ਜਿਨ੍ਹਾਂ ਨੂੰ ਪਰਮੇਸ਼ੁਰ ਨੇ ਚੁਣਿਆ ਅਤੇ ਛੁਡਾਇਆ ਹੈ ਉਹ ਆਪਣੇ ਪੁਰਾਣੇ ਪਾਪੀ ਜੀਵਨਾਂ ਵੱਲ ਵਾਪਸ ਚਲੇ ਗਏ ਹਨ ਅਤੇ ਆਪਣੇ ਆਪ ਨੂੰ ਪਰਮੇਸ਼ੁਰ ਦੀ ਦਯਾ ਤੋਂ ਵੱਖਰਾ ਕਰ ਲਿਆ ਹੈ। ਜਦੋਂ ਇਸਰਾਏਲੀਆਂ ਨੇ ਮਿਸਰ ਨੂੰ ਛੱਡਿਆ ਸੀ, ਤਾਂ ਉਨ੍ਹਾਂ ਨੇ ਇੱਕ ਅਰਥ ਵਿਚ ਬਪਤਿਸਮਾ ਲਿਆ ਸੀ। ਸਮੁੰਦਰ ਦੇ ਵਿਚੋਂ ਨਿਕਲਦੇ ਸਮੇਂ, ਉਨ੍ਹਾਂ ਦੇ ਉੱਤੇ ਬੱਦਲ ਦੇ ਦੁਆਰਾ, ਉਹ ਪਰਮੇਸ਼ੁਰ ਦੀ ਸੁਰੱਖਿਆ ਵਿਚ ਢੱਕੇ ਹੋਏ ਸਨ। ਪਰਮੇਸ਼ੁਰ ਨੇ ਉਨ੍ਹਾਂ ਨੂੰ ਛੁਡਾਇਆ ਸੀ; ਉਸ ਨੇ ਉਨ੍ਹਾਂ ਨੂੰ ਉਸੇ ਤਰ੍ਹਾਂ ਦੇ ਨਾਲ ਖਰੀਦਿਆ ਸੀ ਜਿਵੇਂ ਉਸ ਨੇ ਕੁਰਿੰਥੁਸ ਦੇ ਮਸੀਹੀਆਂ ਨੂੰ ਮਸੀਹ ਦੇ ਲਹੂ ਦੇ ਨਾਲ ਖਰੀਦਿਆ ਸੀ। ਜੰਗਲ ਦੇ ਵਿਚ, ਇਸਰਾਏਲ ਜਾਤੀ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਕ੍ਰੋਧ ਨੂੰ ਭੜਕਾਇਆ ਸੀ। ਰਸੂਲ ਦੀ ਪ੍ਰਾਰਥਨਾ ਸੀ ਕਿ ਕੁਰਿੰਥੀਆਂ ਦੇ ਲੋਕ ਅਜਿਹਾ ਨਾ ਕਰਨ।

*ਪ੍ਰਭੂ ਭੋਜ ਦਾ ਭਰੋਸਾ।* ਪੌਲੁਸ ਨੇ ਕੁਰਿੰਥੀਆਂ ਦੇ ਲੋਕਾਂ ਨੂੰ ਜੋ ਲਿਖਿਆ ਸੀ ਉਹ ਕਿਸੇ ਵੀ ਸਮੇਂ ਦੇ ਅਤੇ ਕਿਸੇ ਵੀ ਸਥਾਨ ਦੇ ਲੋਕਾਂ ਦੇ ਲਈ ਉਚਿਤ ਹੈ। ਪ੍ਰਭੂ ਭੋਜ ਲੈਣਾ ਇੱਕ ਯਾਦਗੀਰੀ ਹੀ ਨਹੀਂ, ਪਰ ਇਹ ਇੱਕ ਭਰੋਸਾ ਵੀ ਹੈ। ਆਤਮਿਕ ਰੋਟੀ ਵਿਚ ਹਿੱਸਾ ਲੈਣ ਦੇ ਦੁਆਰਾ ਅਤੇ ਆਤਮਿਕ ਲਹੂ ਵਿਚ ਹਿੱਸਾ ਲੈਣ ਦੇ ਦੁਆਰਾ, ਮਸੀਹੀ ਇੱਕ ਦੂਸਰੇ ਦੇ ਨਾਲ ਅਤੇ ਪਰਮੇਸ਼ੁਰ ਦੇ ਨਾਲ ਸਾਂਝੀ ਹੁੰਦੇ ਹਨ (10:16)। ਇਤਿਹਾਸ ਦਾ ਇਸਤੇਮਾਲ ਕਰਕੇ ਸਿਖਾਉਣਾ ਜਾਰੀ ਰੱਖਦੇ ਹੋਏ, ਪੌਲੁਸ ਨੇ ਕੁਰਿੰਥੀਆਂ ਦੇ ਲੋਕਾਂ ਨੂੰ ਯਾਦ ਦਿਵਾਇਆ ਕਿ ਜੰਗਲ ਵਿਚ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ ਆਤਮਿਕ ਭੋਜਨ ਅਤੇ ਜਲ ਦਿੱਤਾ ਸੀ। ਇਹ ਪ੍ਰਭੂ ਭੋਜ ਦੇ ਸਮਾਨ ਨਹੀਂ ਸੀ, ਪਰ ਸਿਧਾਂਤ ਦੇ ਤੌਰ ਤੇ ਇਸ ਵਿਚ ਬਹੁਤ ਜ਼ਿਆਦਾ ਫਰਕ ਨਹੀਂ ਸੀ। ਰਸੂਲ ਨੇ ਲਿਖਿਆ, "ਸਭਨਾਂ ਨੇ ਇੱਕੋ ਆਤਮਕ ਭੋਜਨ ਖਾਧਾ; ਅਤੇ ਸਭਨਾਂ ਨੇ ਇੱਕੋ ਆਤਮਕ ਜਲ ਪੀਤਾ ਕਿਉਂ ਜੋ ਓਹਨਾਂ ਨੇ ਉਸ ਆਤਮਕ ਪੱਥਰ ਤੋਂ ਜਲ ਪੀਤਾ ਜਿਹੜਾ ਓਹਨਾਂ ਦੇ ਮਗਰ ਮਗਰ ਚੱਲਦਾ ਸੀ ਅਤੇ ਉਹ ਪੱਥਰ ਮਸੀਹ ਹੈਸੀ" (10:3, 4)। ਪੌਲੁਸ ਜਾਣਦਾ ਸੀ ਕਿ "ਮਸੀਹ ਵਿਚ" ਹੋਣ ਵਿਚ ਬਪਤਿਸਮੇ ਅਤੇ ਪ੍ਰਭੂ ਭੋਜ ਦੀ ਤੁਲਨਾ ਵਿਚ ਬਹੁਤ ਕੁਝ ਸ਼ਾਮਲ ਹੈ। ਆਤਮਿਕ ਸਮਰੱਥ ਦੇ ਲਈ ਇਹ ਪ੍ਰਤੀਕ ਜਿੰਨੇ ਮਹੱਤਵਪੂਰਣ ਹਨ, ਇਹ ਭਗਤੀ ਲਈ ਚੰਗੇ ਚਸ਼ਮੇ ਹਨ, ਪਰ ਗਰੰਟੀ ਨਹੀਂ ਹਨ।

---

ਟਿੱਪਣੀਆਂ

[1]ਕਾਰਲ ਹੋਲਡੇ, *ਦ ਫਸਟ ਲੈਟਰ ਆਫ਼ ਪੌਲ ਟੂ ਦ ਕੁਰਿੰਥੀਅਨਜ਼,* ਦ ਲਿਵਿੰਗ ਵਰਡ ਕਮੈਂਟਰੀ (ਅਬੀਲੀਨ, ਟੈਕਸਾਸ: ਅਬੀਲੀਨ ਕ੍ਰਿਸਚੀਅਨ ਯੂਨੀਵਰਸਿਟੀ ਪ੍ਰੈੱਸ, 1979), 123. [2]ਡੇਵਿਡ ਈ. ਗਾਰਲੈਂਡ, *1 ਕੁਰਿੰਥੀਅਨਜ਼,* ਨਵੇਂ ਨੇਮ ਦੇ ਵਿਸ਼ੇ ਤੇ ਐਕਸੈਜਟਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਅਕੈਡਮਿਕ, 2003), 456-57. [3]ਬੈਨ ਵਿਦਰਿੰਗਟਨ III ਇਸ ਅਧਿਐਨ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਕੀਤੀ: "ਟਾਇਪੋਗ੍ਰਾਫੀ (ਵਿਆਖਿਆ) ਦੇ ਪਿੱਛੇ ਦਾ ਵਿਚਾਰ ਇਹ ਹੈ ਕਿ ਕਿਉਂਕਿ ਪਰਮੇਸ਼ੁਰ ਦੇ ਚਰਿੱਤਰ ਵਿਚ ਕੋਈ ਬਦਲਾਅ ਨਹੀਂ ਹੁੰਦਾ ਹੈ, ਇਸ ਲਈ ਇਤਿਹਾਸ ਦੇ ਵੱਖ ਵੱਖ ਯੁੱਗਾਂ ਵਿਚ ਸਮਾਨ ਤਰੀਕੇ ਦੇ ਨਾਲ ਕੰਮ ਕਰਦਾ ਹੈ ਅਤੇ, ਇਸ ਤੋਂ ਵੀ ਮਹੱਤਵਪੂਰਣ ਗੱਲ ਉਨ੍ਹਾਂ ਘਟਨਾਵਾਂ ਨੂੰ ਪ੍ਰਦਾਨ ਕਰਦਾ ਹੈ, ਜੋ ਮੁਕਤੀ ਦੇ ਇਤਿਹਾਸ ਵਿਚ ਬਾਅਦ ਵਿਚ ਆਉਣ ਵਾਲੇ ਵਿਅਕਤੀਆਂ ਅਤੇ ਘਟਨਾਵਾਂ ਨੂੰ ਪਹਿਲਾਂ ਤੋਂ ਹੀ ਸੂਚਿਤ ਕਰਦੀਆਂ ਹਨ" (ਬੈਨ ਵਿਦਰਿੰਗਟਨ III, *ਕਨਫਲਿਕਟ ਐਂਡ ਕਮਿਊਨਟੀ ਇਨ ਕੁਰਿੰਥ: ਏ ਸੋਸ਼ੀਓ-ਰੀਟੋਰੀਕਲ ਕਮੈਂਟਰੀ ਆੱਨ 1 ਐਂਡ 2 ਕੁਰਿੰਥੀਅਨਜ਼* [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1995], 217)।

[4]ਇਹ ਗਿਣਤੀ ਇੱਕ ਸਮੱਸਿਆ ਪੈਦਾ ਕਰਦੀ ਹੈ। ਗਿਣਤੀ 25:9 ਦਾ ਲੇਖ ਦੱਸਦਾ ਹੈ ਕਿ 24,000 ਲੋਕ ਨਾਸ ਹੋਏ ਸਨ। ਉਸ ਗਿਣਤੀ ਅਤੇ ਜੋ 1 ਕੁਰਿੰਥੀਆਂ 10:8 ਵਿਚਲੀ ਗਿਣਤੀ ਨੂੰ ਸੁਲਝਾਉਣ ਦੀ ਇੱਕ ਕੋਸ਼ਿਸ਼ ਬੇਸ਼ੁਮਾਰ ਹੈ, ਪਰ ਇਨ੍ਹਾਂ ਵਿਚੋਂ ਕੋਈ ਵੀ ਕਾਫ਼ੀ ਹੱਦ ਤਕ ਸੰਤੋਸ਼ਜਨਕ ਨਹੀਂ ਹੈ। ਬਆਲ ਪਓਰ ਵਿਚ ਨਾਸ ਹੋਏ ਲੋਕਾਂ ਦੀ ਸਟੀਕ ਸੰਖਿਆ ਪੌਲੁਸ ਦੇ ਬਿੰਦੂ ਦੇ ਸਮਾਨ ਸੀ। ਇੱਕ ਇੰਜੀਨੀਅਰ ਇੱਕ ਹਜ਼ਾਰਵੇਂ ਇੰਚ ਦੇ ਲਈ ਪੂਰੀ ਕੋਸ਼ਿਸ਼ ਕਰ ਸਕਦਾ ਹੈ, ਪਰ ਅਜਿਹੀ ਸਟੀਕਤਾ ਆਮ ਤੌਰ ਤੇ ਗੈਰ ਲੋੜੀਂਦੀ ਹੁੰਦੀ ਹੈ। ਦੂਰੀ ਨੂੰ ਅਕਸਰ ਮੀਲਾਂ ਜਾਂ ਕਿਲੋਮੀਟਰਾਂ ਵਿਚ ਦਿੱਤਾ ਜਾਂਦਾ ਹੈ। ਅਸੀਂ ਇਸ ਗੱਲ ਦੇ ਉੱਤੇ ਭਰੋਸਾ ਕਰ ਸਕਦੇ ਹਾਂ ਕਿ ਬਾਈਬਲ ਸਹੀ ਹੈ, ਭਾਵੇਂ ਬਆਲ ਪਓਰ ਵਿਚ 23,000 ਜਾਂ 24,000 ਲੋਕ ਮਾਰੇ ਗਏ ਹੋਣ। [5]ਰਿਚਰਡ ਈ. ਓਸਟਰ, ਜੂਨੀਅਰ, *1 ਕੁਰਿੰਥੀਆਂ,* ਦ ਕਾੱਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੂਰੀ: ਕਾੱਲਜ ਪ੍ਰੈੱਸ ਪਬਲਿਸ਼ਿੰਗ ਕੰਪਨੀ, 1995), 236-37. [6]ਸਿਰਾਚ 33:1 (NAB). ਸਿਰਾਚ ਦੀ ਐਪੋਕ੍ਰਿਫਲ ਪੁਸਤਕ ਨੂੰ "ਐਕਲੀਜੀਆਸਟਿਕਸ" ਦੇ ਨਾਮ ਦੇ ਨਾਲ ਵੀ ਜਾਣਿਆ ਜਾਂਦਾ ਹੈ। [7]ਵੇਖੋ ਰੋਮੀਆਂ 11:25; 12:16; 2 ਕੁਰਿੰਥੀਆਂ 11:19. 1 ਕੁਰਿੰਥੀਆਂ 4:10 ਵਿਚ ਉਸੇ ਸ਼ਬਦ ਦਾ ਅਨੁਵਾਦ "ਸਿਆਣੇ" ਕੀਤਾ ਗਿਆ ਹੈ। [8]ਗਾਰਲੈਂਡ, 478-79. [9]ਬੇਰੂਚ 4:7 (NAB)। [10]ਗਾਰਲੈਂਡ, 480.

[11]ਵੇਨੀ ਏ. ਮੀਕਸ, *ਦ ਫ੍ਰਸਟ ਅਰਬਨ ਕ੍ਰਿਸਚੀਅਨ: ਦ ਸ਼ੋਸ਼ਲ ਵਰਲਡ ਆਫ਼ ਅਪੌਸਲ ਪੌਲ,* ਦੂਸਰੀ ਸੋਧ (ਨਿਊ ਹੈਵੈਨ, ਕਨੈਕਟੀਕਟ: ਯੇਲ ਯੂਨੀਵਰਸਿਟੀ ਪ੍ਰੈੱਸ, 2003), 98. [12]ਪੌਲੁਸ ਨੇ ਸ਼ਹਿਰ ਵਿਚ ਡੇਢ ਸਾਲ ਬਿਤਾਇਆ ਸੀ (ਰਸੂਲਾਂ ਦੇ ਕਰਤੱਬ 18:11)। ਯਰੂਸ਼ਲਮ, ਅੰਤਾਕਿਯਾ ਦੇ ਵਿਚੋਂ ਹੁੰਦੇ ਹੋਏ ਅਫ਼ਸੁਸ (ਰਸੂਲਾਂ ਦੇ ਕਰਤੱਬ 18:22), ਅਤੇ ਏਸ਼ੀਆ ਦੇ "ਉੱਪਰਲੇ ਇਲਾਕਿਆਂ" (19:1) ਵਿਚ ਪਰਤਣ ਦੇ ਲਈ ਹੋਰ ਡੇਢ ਤੋਂ ਦੋ ਸਾਲਾਂ ਦੀ ਲੋੜ ਸੀ। ਅਫ਼ਸੁਸ ਵਿਚ ਪਹੁੰਚਣ ਤੋਂ ਬਾਅਦ ਕੁਰਿੰਥੁਸ ਦੀਆਂ ਸਥਿਤੀਆਂ ਨੂੰ ਜਾਣਨ ਦੇ ਲਈ ਕੁਝ ਸਮਾਂ ਲੱਗਣਾ ਸੀ। ਉਸ ਨੇ 1 ਕੁਰਿੰਥੀਆਂ ਤੋਂ ਪਹਿਲਾਂ ਉਨ੍ਹਾਂ ਨੂੰ ਇੱਕ ਪੱਤ੍ਰੀ ਲਿਖੀ ਸੀ (ਵੇਖੋ 1 ਕੁਰਿੰਥੀਆਂ 5:11)। [13]ਉਹ ਸ਼ਬਦ ਜਿਸ ਦਾ ਅਨੁਵਾਦ "ਜਤਨ" (ζητέω, *ਜ਼ੀਟੇਓ*) ਕੀਤਾ ਗਿਆ ਹੈ ਇੱਕ ਮਜ਼ਬੂਤ ਸ਼ਬਦ ਹੈ ਜਿਸ ਵਿਚ ਬਹਿਸ ਅਤੇ ਵਿਵਾਦ ਸ਼ਾਮਲ ਹੋ ਸਕਦੇ ਹਨ। [14]ਜਰੋਮ ਮਰਫੀ-ਓ ਕਾਨਨਰ, *ਸੈਂਟ ਪੌਲਸ ਕੁਰਿੰਥ: ਟੈਕਸਟਸ ਐਂਡ ਆਰਕਿਓਲੋਜੀ,* ਤੀਸਰੀ ਸੋਧ ਅਤੇ ਵਿਸਤ੍ਰਿਤ ਸੋਧ (ਕਾੱਲਜਵਿਲੈ, ਮਿਨੇਸੋਟਾ: ਲਿਟੂਰਜੀਕਲ ਪ੍ਰੈੱਸ, 2002), 30. ਸਬੂਤ ਦੀ ਜਾਂਚ ਤੋਂ ਬਾਅਦ, ਗਾਰਲੈਂਡ ਨੇ ਇਸ ਗੱਲ ਨੂੰ ਕਾਇਮ ਰੱਖਿਆ- ਕਿ ਯੂਨਾਨੀ ਮਾਸ ਦੇ ਬਜ਼ਾਰਾਂ ਵਿਚ "ਵੇਚਲ ਲਈ ਪੇਸ਼ ਕੀਤੀ ਗਈ ਹਰ ਚੀਜ਼ ਮੂਰਤੀਪੂਜਾ ਕਰਨ ਵਾਲੀਆਂ ਰੀਤਾਂ ਦੇ ਦੁਆਰਾ ਦੂਸ਼ਿਤ ਨਹੀਂ ਕੀਤੀਆਂ ਗਈਆਂ ਸਨ" (ਗਾਰਲੈਂਡ, 491-92)। [15]ਹੋਰ ਟਿੱਪਣੀਕਾਰ, ਜਿਵੇਂ ਆਰ. ਸੀ. ਐੱਚ ਲੈਨਸਕੀ, ਨੇ ਤਰਕ ਦਿੱਤਾ ਹੈ ਕਿ "ਕੋਈ" ਦਾ ਅਰਥ ਦੂਸਰਾ ਭਾਈ ਹੋ ਸਕਦਾ ਹੈ। ਜੇਕਰ ਇਹ ਸੱਚ ਹੈ ਤਾਂ ਕਮਜ਼ੋਰ/ਮਜ਼ਬੂਤ ਭਰਾ ਦੀ ਸਥਿਤੀ ਵਿਚਾਰ ਅਧੀਨ ਰਹੇਗੀ। (ਆਰ.ਸੀ.ਐੱਚ ਲੈਨਸਕੀ, *ਕੁਰਿੰਥੀਆਂ ਦੇ ਲਈ ਸੰਤ ਪੌਲੁਸ ਦੀ ਪਹਿਲੀ ਅਤੇ ਦੂਸਰੀ ਪੱਤ੍ਰੀ ਦੀ ਵਿਆਖਿਆ* [ਮਿਨੀਅਪੋਲਿਸ: ਆਗਸਬਰਗ ਪਬਲਿਸ਼ਿੰਗ ਹਾਊਸ, 1937], 421.) [16]ਪੌਲੁਸ ਦੇ εἰδωλόθυτον (*ਆਈਡੋਲੋਥੂਟੋਨ;* 10:19) ਤੋਂ ἱερόθυτον (*ਹਾਈਰੋਥੂਟੋਨ;* 10:28) ਦੇ ਫਰਕ ਤੋਂ ਟੀਕੇ ਸੰਬੰਧੀ ਸਿੱਟਾ ਕੱਢਣਾ ਇੱਕ ਗਲਤੀ ਹੋਵੇਗੀ। ਇੰਝ ਲੱਗਦਾ ਹੈ ਕਿ ਉਸ ਨੇ ਸ਼ਬਦਾਂ ਨੂੰ ਸਮਾਨ ਰੂਪ ਵਿਚ ਇਸਤੇਮਾਲ ਕੀਤਾ ਹੈ, ਭਾਵੇਂ ਪਹਿਲੀ ਵਿਆਖਿਆ ਪੜ੍ਹੇ ਲਿਖੇ ਮੂਰਤੀਪੂਜਕਾਂ ਦੇ ਦੁਆਰਾ ਪਹਿਲੀ ਵਿਆਖਿਆ ਦੀ ਨਿੰਦਾ ਕੀਤੀ ਗਈ ਸੀ। [17]ਟਰਟੂਲੀਅਨ *ਅਪੋਲੋਜੀ* 40.2. [18]ਲੇਵੀਸ ਈ. ਜੋਨਸ, "ਦੇਅਰ ਇਜ਼ ਪਾਵਰ ਇਨ ਦ ਬਲੱਡ," *ਸੋਂਗਜ਼ ਆਫ਼ ਫੈਥ ਐਂਡ ਪ੍ਰੇਜ਼,* ਰਚਨਾ ਅਤੇ ਸੋਧ ਐਲਟਨ ਐੱਚ. ਹਾਵਰਡ (ਵੈਸਟ ਮੁਨਰੋ, ਲੁਸੀਆਨਾ: ਹਾਵਰਡ ਪਬਲਿਸ਼ਿੰਗ ਕੰਪਨੀ, 1994)।